# ਲਹੂ ਦੀ ਨੇਮ

ਫਰੈਂਕਲਿਣ ਰਾਹੀ

ਆਦਮ ਦੇ ਪਾਪ ਦੇ ਸਮੇ ਤੋਂ ਅਸੀਂ ਸਿਖਨਾ ਸ਼ੁਰੂ ਕਰਦੇ ਹਾਂ ਕੀ ਲਹੂ ਕਿਨਾ ਅੰਨਮੋਲ ਹੈ ਅਤੇ ਉਸ ਦਾ ਨੇਮ ਵਿੱਚ ਕਿਨੀ ਮਹਤੱਵਤਾ ਹੈ ।

ਉਤਪਤ 3:21 ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਤੇ ਉਹ ਦੀ ਤੀਵੀਂ ਲਈ ਚਮੜੇ ਦੇ ਚੋਲੇ ਬਣਾਕੇ ਉਨ੍ਹਾਂ ਨੂੰ ਪਵਾਏ ।
- ਪ੍ਰਭੂ ਨੇ ਦੂਸਰੇ ਦਾ ਜੀਵਨ ਦਿੱਤਾ - ਲਹੂ ਬਹਾਇਆ ਗਿਆ - ਆਦਮੀ ਦੇ ਪਾਪ ਨੂੰ ਢੱਕਣ ਲਈ ।

ਲੇਵੀਆਂ 17:11 ਕਿਉਂ ਜੋ **ਸਰੀਰ ਦੀ ਜਿੰਦ ਉਸ ਦੇ ਲਹੂ ਵਿੱਚ ਹੈ** ਅਤੇ ਮੈਂ ਉਸ ਨੂੰ ਜਗਵੇਦੀ ਦੇ ਉੱਤੇ ਤੁਹਾਡੇ ਪ੍ਰਾਣਾਂ ਦੇ ਪ੍ਰਾਸਚਿਤ ਕਰਨ ਲਈ ਤੁਹਾਨੂੰ ਦਿੱਤਾ ਹੈ, ਕਿਉਂ ਕਿ ਜਿਹੜਾ ਪ੍ਰਾਸਚਿਤ ਕਰਦਾ ਹੈ **ਸੋ ਜਿੰਦ** ਦੇ ਕਾਰਨ **ਲਹੂ** ਹੈ ।
- ਆਦਮ ਨੇ ਅਪਨਾ ਪਾਠ ਸਿੱਖਿਆ ਜਦੋਂ ਉਸ ਨੇ ਪਾਪ ਕਿਤਾ ।

ਲੇਵੀਆਂ 17:14 ਕਿਉਂ ਜੋ ਉਹ ਸਾਰੇ ਮਾਸ ਦੀ ਜਿੰਦ ਹੈ, **ਉਸ ਦਾ ਲਹੂ ਉਸ ਦੀ ਜਿੰਦ ਦੇ ਲਈ ਹੈ** ।
- ਪਾਪ ਦਾ ਨਤੀਜਾ ਮੌਤ ਹੈ (ਰੋਮੀਆਂ 6:23) ਅਤੇ ਲਹੂ ਦਾ ਬਲਿਦਾਨ ਆਦਮ ਦੇ ਪਾਪ ਨੂੰ ਢੱਕਣ ਲਈ ਦਿਤਾ ਗਿਆ । ਆਦਮ ਨੇ ਇਸ ਬੜੇ ਵਿਸ਼ੇਸ ਪਾਠ ਨੂੰ ਸਿੱਖਿਆ ਅਤੇ ਅਪਣੇ ਬੱਚਿਆਂ ਨੂੰ ਸਿੱਖਾਈਆ ਜੀਵੇਂ ਹਾਬਲ ਦੀ ਭੇਂਟ ਤੋਂ ਵੇਖਦੇ ਹਾਂ ।

## ਉਤਪਤ 4:2-5 ਕਇਨ ਤੇ ਹਾਬਲ

(3) ਕੁਝ ਦਿਨਾ ਦੇ ਮਗਰੋਂ ਐਉਂ ਹੋਇਆ ਕਿ ਕਇਨ ਜ਼ਮੀਨ ਦੇ ਫਲ ਤੋਂ ਯਹੋਵਾਹ ਦੀ ਭੇਂਟ ਲਈ ਕੁਝ ਲੈ ਆਇਆ ।(4) ਹਾਬਲ ਵੀ ਇੱਜੜ ਦੇ **ਪਲੌਠਿਆਂ** ਅਰ ਉਨ੍ਹਾਂ ਦੀ ਚਰਬੀ ਤੋਂ ਕੁਝ ਲੈ ਆਇਆ, ਅਤੇ ਯਹੋਵਾਹ ਨੇ ਹਾਬਲ ਨੂੰ ਅਰ ਉਹ ਦੀ ਭੇਟ ਨੂੰ ਪਸੰਦ ਕੀਤਾ; (5) ਪਰ ਕਇਨ ਅਰ ਉਹ ਦੀ ਭੇਟ ਨੂੰ ਪਸੰਦ ਨਾ ਕੀਤਾ ਸੋ ਕਇਨ ਬਹੁਤ ਕਰੋਧਵਾਨ ਹੋਇਆ ਅਰ ਉਹ ਦਾ ਮੂੰਹ ਉੱਤਰ ਗਿਆ ।

**ਹਾਬਲ** ਨੇ **ਲਹੂ** ਦੀ **ਭੇਟ** ਚੜਾਈ ਜੀਵੇਂ ਕੀ ਪ੍ਰਭੂ ਨੇ ਉਸ ਦੇ ਪਿਤਾ ਆਦਮ ਨੂੰ ਸਿੱਖਾਈਆ ਸੀ । ਇਹ ਉਸ ਦੇ ਅਪਣੇ ਜੀਵਨ ਦੇ ਬਦਲੇ ਸੀ, ਇਹ ਦਸਦੇ ਹੋਏ ਕਿ ਉਸ ਦੇ ਪਾਪ ਦੇ ਬਦਲੇ ਲਹੂ ਦੇ ਬਹਾਏ ਜਾਨ ਦੀ ਲੋੜ ਹੈ ।ਹਾਬਲ ਨੇ **ਪ੍ਰਭੂ** ਦੀ ਉਪਾਸਨਾ ਕੀਤੀ ਉਸ ਰੀਤੀ ਨਾਲ ਜੀਵੇਂ ਪ੍ਰਭੂ ਨੂੰ ਚਾਹਿਦਾ ਸੀ ।
**ਕਇਨ** ਨੇ ਇਵੇਂ ਨਾ ਕਿਤਾ । ਉਸ ਨੇ ਪ੍ਰਭੂ ਦੀ ਉਪਾਸਨਾ ਅਤੇ ਭੇਂਟ ਦਿਤੀ ਜੀਵੇਂ ਉਸ ਨੂੰ ਚੰਗਾ ਲਗਾ - ਉਸ ਦੀ ਮੇਹਨਤ ਦੇ ਕੰਮ, ਉਸ ਦੇ ਹੱਥਾਂ ਦੇ ਕੰਮ । ਇਹ ਧਰਮ ਹੈ - ਮਨੁੱਖ ਫੈਸਲਾ ਕਰਦਾ ਹੈ ਕੀ ਪਰਮੇਸ਼ੁਰ ਕੌਣ ਹੈ ਅਤੇ ਉਸ ਦੀ ਉਪਾਸਣਾ ਕਿਵੇਂ ਹੋਨੀ ਚਾਹਿਦੀ ਹੈ ।

- ਸਾਰਿਆਂ ਬਾਣੀਆਂ ਵਿੱਚ ਸਾਨੂੰ ਸਿੱਖਾਈਆ ਗਿਆ ਹੈ: ਇਹ **ਧਰਮ ਦੇ ਕੰਮਾ** ਰਾਹੀ ਨਹੀਂ ਹੈ ਜਿਹੜੇ ਅਸੀਂ ਕੀਤੇ ਹਣ ਪਰ ਉਸ ਨੇ ਅਪਣੀ ਦਯਾ ਨਾਲ **ਸਾਨੂੰ ਬਚਾਈਆ** ਹੈ ।ਤੀਤੁਸ 3:5
- ਮੁਕਤੀ ਪ੍ਰਭੂ ਤੋਂ ਹੈ । ਜ਼ਬੂਰ 3:8

## ਨੇਮ ਅਤੇ ਅਬਰਾਮ

ਉਤਪਤ 15

ਹਵਾਲਾ 1-5 ਪ੍ਰਭੂ ਦੇ ਅਬਰਾਮ ਨਾਲ **ਵਾਦੇ** ਜਾਂ **ਇਕਰਾਰ**

ਹਵਾਲਾ 6 ਉਸ ਨੇ ਯਹੋਵਾਹ ਦੀ ਪਰਤੀਤ ਕੀਤੀ ਅਤੇ ਉਸ ਨੇ ਉਹ ਦੇ ਲਈ ਏਸ ਗੱਲ ਨੂੰ ਧਰਮ ਗਿਣਿਆ । (ਇਬਰਾਨੀ ਸ਼ਬਦ "ਪਰਤੀਤ" ਦਾ ਅਰਥ ਹੈ - ਅਯੋਗ ਸਪੁਰਦਗੀ ਅਪਨੇ ਆਪ ਦਾ ਦੁਜੇ ਪ੍ਰਤੀ ਸਚਾ ਹੋਣਾ, ਵਫ਼ਾਦਾਰ ਹੋਣਾ - ਅਬਰਾਮ ਦੀ ਸਪੁਰਦਗੀ । ਇਹ ਨੇਮ ਦੀ ਮੰਗ ਹੈ ।)

ਹਵਾਲਾ 10 ਤਾਂ ਉਹ ਉਸ ਦੇ ਲਈ ਏਹ ਸਭ ਲੈ ਆਇਆ ਅਤੇ ਉਨ੍ਹਾਂ ਦੇ ਦੋ ਦੋ **ਟੋਟੇ ਕੀਤੇ,**

ਪਸ਼ੂ ਦਾ ਟੋਟੇ ਕਰਨਾ ਜਾਂ ਕੱਟ ਕੇ ਅੱਲਗ ਕਰਨਾ ਅਤੇ ਲਹੂ ਬਹਾਇਆ ਜਾਣਾ **ਲਹੂ ਦੀ ਨੇਮ** ਸੀ, ਪ੍ਰਭੂ ਦਾ **ਅਯੋਗ ਸਪੁਰਦਗੀ** ਉਸਦਾ ਅਬਰਾਮ ਪ੍ਰਤੀ ਵਾਦੇ ਨੂੰ ਪੂਰਾ ਕਰਨਾ । ਜੀਵਨ ਦੀ ਸਪੁਰਦਗੀ ਮੌਤ ਤਕ ।

ਇਕ ਸਪੁਰਦਗੀ ਇਕਰਾਰ ਤੇ ਵਾਦੇ ਪੂਰੇ ਕਰਣ ਲਈ ਅਪਣੇ ਹੀ ਜੀਵਨ ਦੇ ਨਾਲ! ਅਤੇ ਉਸ ਨੇ ਕਿਤਾ ਯਿਸੂ ਮਸੀਹ ਦੇ ਲਹੂ ਬਹਾਨ ਰਾਹੀ ।

ਉਤਪਤ 17 (13 ਸਾਲਾਂ ਮਗਰੋਂ) **ਸੁੰਨਤ ਦੀ ਨੇਮ**

ਹਵਾਲਾ 1-8 ਪ੍ਰਭੂ ਅਬਰਾਮ ਦੇ ਨਾਲ ਵਾਦੇ ਜਾਂ ਇਕਰਾਰ ਕਰਦਾ ਹੈ

ਹਵਾਲਾ 10-11 ਇਹ **ਮੇਰਾ ਨੇਮ** ਅਰ **ਤੁਹਾਡਾ ਅਰ ਤੇਰੇ ਪਿੱਛੋਂ ਤੇਰੀ ਅੰਸ** ਵਿੱਚ ਹੈ ਜਿਸ ਦੀ **ਤੁਸੀਂ ਪਾਲਣਾ ਕਰੋ** । ਤੁਹਾਡੇ ਵਿੱਚੋਂ ਹਰ ਇੱਕ ਨਰ ਦੀ **ਸੁੰਨਤ** ਕੀਤੀ ਜਾਵੇ । ਤੁਸੀਂ ਆਪਣੇ ਬਦਨ ਦੀ ਖੱਲੜੀ ਦੀ ਸੁੰਨਤ ਕਰਾਓ (ਲਹੂ ਬਹਾਨਾ) ਅਤੇ ਇਹ ਮੇਰੇ ਅਰ ਤੁਹਾਡੇ ਵਿੱਚ ਉਸ **ਨੇਮ ਦਾ ਨਿਸ਼ਾਨ** ਹੋਵੇਗਾ ।

"***ਨੇਮ ਦਾ ਚਿੰਣ,***" ਉਸ ਵਿੱਚ ਜਿਸ ਦੇ ਵਸੀਲੇ ਉਹ ਪਿਤਾ ਬਣ ਜਾਂਦਾ ਹੈ:

- ਉਸ ਦੇ ਬੱਚੇ ਪ੍ਰਭੂ ਦੇ ਹਣ ।
- ਬੱਚਿਆਂ ਨੂੰ ਹਾਸਲ ਕਰਨਾ ਅਤੇ ਉਸ ਦੀ ਪ੍ਰਤਿਕ੍ਰਿਆ "ਪਵਿੱਤਰ" ਪ੍ਰਤਿਕ੍ਰਿਆ ਹੈ।
  ਇਬਰਾਨੀਆਂ 13:4 ਵਿਆਹ ਕਰਨਾ ਸਭਨਾਂ ਵਿੱਚ **ਆਦਰ** ਜੋਗ ਗਿਣਿਆ ਜਾਵੇ ਅਤੇ ਵਿਛਾਉਣਾ **ਬੇਦਾਗ** ਰਹੇ ਕਿਉਂ ਜੋ ਪਰਮੇਸ਼ੁਰ ਹਰਾਮਕਾਰਾਂ ਅਤੇ ਵਿਭਚਾਰੀਆਂ ਦਾ ਨਿਆਉਂ ਕਰੇਗਾ ।
  ਆਦਰ - "ਆਦਰਜੋਗ" ਜਾਂ "ਬੜੇ ਉੱਚੇ ਦਰਜ਼ੇ ਤੱਕ ਖਾਸ"

  ਨਵੇਂ ਨੇਮ ਦਾ ਪ੍ਰਤੀਕ ਸਾਂਝਾ ਭੋਜ ਹੈ ।

ਉਤਪਤ 17:10 "ਅਤੇ **ਤੁਹਾਡੇ ਅੰਸ**"

ਰੋਮੀਆਂ 4:16 ਇਸ ਕਾਰਨ ਉਹ ਨਿਹਚਾ ਤੋਂ ਹੋਇਆ ਭਈ ਕਿਰਪਾ ਦੇ ਅਨੁਸਾਰ ਠਹਿਰੇ ਇਸ ਲਈ ਜੋ **ਕਰਾਰ ਸਾਰੀ ਅੰਸ** ਦੇ ਲਈ **ਪੱਕਾ ਰਹੇ**, ਨਿਰਾ ਉਸ ਅੰਸ ਦੇ ਲਈ ਨਹੀਂ ਜਿਹੜੀ ਸ਼ਰਾ ਵਾਲੀ ਹੈ ਪਰੰਤੂ ਉਹ ਦੇ ਲਈ ਭੀ ਜਿਹੜੀ ਅਬਰਾਹਾਮ **ਜਹੀ ਨਿਹਚਾ** ਰੱਖਦੀ ਹੈ ਉਹ **ਅਸਾਂ ਸਭਨਾਂ ਦਾ ਪਿਤਾ ਹੈ** ।

(ਉਤਪਤ 3:7, 9, 14)

ਨਵੇਂ ਨੇਮ ਵਿੱਚ, ਚਮੜੀ ਦੀ ਸੁੰਨਤ "ਦਿੱਲ ਦੀ ਸੁੰਨਤ" ਨਾਲ ਬਦਲਿਆ ਗਿਆ ਹੈ (ਗਲਾਤੀਆਂ 6:15; ਫ਼ਿਲਿੱਪੀਆਂ 3:3; ਕੁਲੁੱਸੀਆਂ 2:11)

## ਮੂਸਾ ਦਾ ਨੇਮ ਨਾਲ ਤਜਰਬਾ:

ਕੂਚ 4:21-26 ਮੂਸਾ ਨੇ ਅਪਣੇ ਪਲੋਠੇ ਦੀ ਸੁੰਨਤ ਨਹੀਂ ਕੀਤੀ ਸੀ ਅਤੇ ਉਹ ਫ਼ਿਰਊਨ ਵੱਲ ਪ੍ਰਭੂ ਦਾ ਰਾਜਦੂਤ ਬਣ ਕੇ ਮਿਸਰੀਆਂ ਦੇ ਬਿਨਾਂ - ਨੇਮ ਵਾਲੇ ਪਹਲੋਠਿਆਂ ਪ੍ਰਤੀ ਜਾ ਰਿਹਾ ਸੀ ।

ਹਵਾਲਾ 24 ਯਹੋਵਾਹ ਉਸ ਨੂੰ ਮਿਲਿਆ ਅਰ **ਉਸ ਨੂੰ ਮਾਰਨਾ ਚਾਹਿਆ** ।

- ਉਸ ਨੇ ਨੇਮ ਪੂਰਾ ਨਾ ਕਰਨ ਕਰਕੇ ਉਸ ਨੂੰ ਤੋੜੀਆ ਸੀ ।
- ਇਹ ਪ੍ਰਗਟ ਕਰਦਾ ਹੈ ਕੀ ਪ੍ਰਭੂ ਲਈ ਨੇਮ **ਕਿੰਨ੍ਹਾ ਗੰਭੀਰ** ਹੈ ।

ਹਵਾਲਾ 25-26 ਤਾਂ ਸਿੱਪੋਰਾਹ ਨੇ ਇੱਕ ਚਕ ਮਕ ਦੀ ਪੱਥਰੀ ਲੈ ਕੇ ਆਪਣੇ ਪੁੱਤ੍ਰ ਦੀ ਖੱਲੜੀ ਕੱਟ ਸੁੱਟੀ ਅਰ ਉਸ ਨੂੰ ਉਸ ਦੇ ਪੈਰਾਂ ਵਿੱਚ ਸੁੱਟ ਦਿੱਤਾ ਅਤੇ ਆਖਿਆ, ਤੂੰ ਸੱਚ ਮੁਚ ਮੇਰੇ ਲਈ ਇੱਕ **ਖੂਨੀ** ਪਤੀ ਹੈਂ ।ਸੋ ਉਸ ਨੇ ਉਹ ਨੂੰ ਛੱਡ ਦਿੱਤਾ । ਫਿਰ ਉਸ ਨੇ ਉਹ ਨੂੰ ਆਖਿਆ, ਸੁੰਨਤ ਦੇ ਕਾਰਨ ਤੂੰ **ਖੂਨੀ** ਪਤੀ ਹੋਇਆ ।

ਸਿੱਪੋਰਾਹ ਮਿਦਯਾਨੀ ਸੀ ਅਤੇ ਉਸ ਨੇ ਅਪਣੀ ਪ੍ਰਤੀਕ੍ਰਿਆ ਤੋਂ ਦਰਸ਼ਾਈਆ ਕੀ ਉਸ ਨੂੰ ਇਹ ਪਸੰਦ ਜਾਂ ਨੇਮ ਦੀ ਵੱਡੀ ਮਹੱਤਾ ਅਤੇ ਮੰਗ ਦੀ ਸਮੱਝ ਨਾ ਸੀ ।

ਇਹ ਇਸ ਦੀ ਇੱਕ ਉਦਾਹਰਨ ਹੈ: 1 ਕੁਰਿੰਥੀਆਂ 7:14 ਕਿਉਂ ਜੋ ਬੇਪਰਤੀਤ ਪਤੀ ਆਪਣੀ ਪਤਨੀ ਦੇ ਕਾਰਨ ਪਵਿੱਤਰ ਹੋਇਆ (ਅਲੱਗ ਕੀਤਾ) ਅਤੇ ਬੇਪਰਤੀਤ ਪਤਨੀ ਉਸ ਭਰਾ ਦੇ ਕਾਰਨ ਪਵਿੱਤਰ ਹੋਈ (ਅਲੱਗ ਕੀਤੀ) ਹੈ, ਨਹੀਂ ਤਾਂ ਤੁਹਾਡੇ ਬਾਲ ਬੱਚੇ ਅਸ਼ੁੱਧ ਹੁੰਦੇ ਪਰ ਹੁਣ ਤਾਂ ਪਵਿੱਤਰ ਹਨ (ਅਲੱਗ ਕੀਤਾ – ਉਹੀ ਸ਼ਬਦ ਜਿਹੜੇ ਉਪਰ) ।

ਉਹ ਹੈ: ਦੋਵੇਂ ਅਵਿਸਵਾਸੀ ਜਨ ਅਤੇ ਉਨ੍ਹਾਂ ਤੋ ਪੈਦਾ ਕੋਈ ਵੀ ਬੱਚੇ "ਅਲੱਗ ਕੀਤੇ", ਸ਼ੁਰਕਸ਼ਿਤ ਹਣ, "ਵਿਆਹ ਦੇ ਨੇਮ" ਦੇ ਰਾਹੀ ਵਿਸਵਾਸੀ ਜਨ ਦੇ ਨਾਲ ਜਿਹੜਾ ਪ੍ਰਭੂ ਦੇ ਨਾਲ "ਨੇਮ ਵਿੱਚ" ਹੈ ।

## ਨਵਾਂ ਨੇਮ:

ਲੂਕਾ 22:19-20 ਤਾਂ ਉਸ ਨੇ **ਰੋਟੀ** ਲਈ ਅਤੇ ਸ਼ੁਕਰ ਕਰ ਕੇ ਤੋੜੀ ਅਤੇ ਇਹ ਕਹਿ ਉਨ੍ਹਾਂ ਨੂੰ ਦਿੱਤਾ ਕਿ ਇਹ ਮੇਰਾ ਸਰੀਰ ਹੈ ਜੋ ਤੁਹਾਡੇ ਬਦਲੇ ਦਿੱਤਾ ਜਾਂਦਾ ਹੈ, ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ । ਅਤੇ ਖਾਣ ਦੇ ਪਿੱਛੋਂ ਇਸੇ ਤਰਾਂ ਉਸ ਨੇ **ਪਿਆਲਾ** ਦੇ ਕੇ ਕਿਹਾ ਕਿ ਇਹ ਪਿਆਲਾ **ਮੇਰੇ ਲਹੂ** ਵਿੱਚ ਜੋ ਤੁਹਾਡੇ ਲਈ ਵਹਾਇਆ ਜਾਂਦਾ ਹੈ **ਨਵਾਂ ਨੇਮ** ਹੈ ।

1 ਕੁਰਿੰਥੀਆਂ 10:16-17 ਉਹ ਬਰਕਤ ਦਾ ਪਿਆਲਾ ਜਿਹ ਦੇ ਉੱਤੇ ਅਸੀਂ ਬਰਕਤ ਮੰਗਦੇ ਹਾਂ ਕੀ ਉਹ **ਮਸੀਹ ਦੇ ਲਹੂ ਦੀ ਸਾਂਝ** ਨਹੀਂ ? ਉਹ **ਰੋਟੀ** ਜਿਹ ਨੂੰ ਅਸੀਂ ਤੋੜਦੇ ਹਾਂ ਕੀ ਉਹ **ਮਸੀਹ ਦੇ ਸਰੀਰ ਦੀ ਸਾਂਝ** ਸਹੀਂ ? (17) ਰੋਟੀ **ਇੱਕੋ** ਹੈ ਇਸ ਲਈ ਅਸੀਂ ਜੋ ਬਾਹਲੇ ਹਾਂ ਸੋ ਰਲ ਕੇ ਇੱਕ ਸਰੀਰ ਹਾਂ ਕਿਉਂ ਜੋ ਅਸੀਂ ਸੱਭੇ ਇੱਕ ਰੋਟੀ ਵਿੱਚ ਸਾਂਝੀ ਹਾਂ ।

"**ਰੋਟੀ** ਦੀ ਨੇਮ ਅਤੇ **ਲਹੂ** ਦੀ ਨੇਮ ਇਹ ਦੋ ਵੱਖਰੇ ਨੇਮ ਹਣ ਜੋ ਪੂਰਬੀ ਦੇਸ਼ਾਂ ਅਤੇ ਬਾਈਬਲ ਸਿੱਖਿਆਵਾਂ ਵਿੱਚ ਪ੍ਰਯੋਗ ਹੁੰਦੇ ਹਣ ।

- ਰੋਟੀ ਦਾ ਨੇਮ **ਸਮਝੋਤਾ** ਪੈਦਾ ਕਰਕੇ **ਸ਼ਾਂਤੀ** ਲਿਆਉਂਦਾ ਹੈ
- ਲਹੂ ਦਾ ਨੇਮ **ਜੀਵਨ ਸੰਬੰਧੀ ਮਿਲਾਪ** ਪੈਦਾ ਕਰਕੇ, **ਏਕਤਾ** ਲਿਆਉਂਦਾ ਹੈ।

ਸੰਕੇਤਕ, ਇੱਕ **ਖ਼ੁਰਾਕ** ਦਿੰਦਾ, ਦੁੱਜਾ **ਜੀਵਨ** ਦਿੰਦਾ ਹੈ ।

- ਰੋਟੀ ਦੀ ਨੇਮ ਇੱਕ ਪ੍ਰਦਰਸ਼ਣ ਅਤੇ ਮਹਿਮਾਨ-ਨਵਾਜ਼ੀ ਦੀ ਪ੍ਰਤਿਕ੍ਰਿਆ ਹੈ ਅਤੇ ਉਹ ਇੱਕ ਨੂੰ ਪਰਿਵਾਰ ਵਿੱਚ ਲਿਆਉਂਦਾ ਹੈ ਜਾਂ ਕਬੀਲੇ ਦੇ ਨਾਲ ਜੋ ਇਹ ਕਰਦਾ ਮੇਲ ਮਿਲਾਪ ਕਰਦਾ ।
  ਉਤਪਤ 14:18:20; 18:4-5; 43:32; ਕੂਚ 29:31-34
- **ਲਹੂ ਦਾ ਨੇਮ** ਵਿਅਕਤੀਗਤ ਹੈ ਅਤੇ ਸ਼ਖ਼ਸੀ, ਜੀਵਨ ਦੇ ਬਦਲੇ ਜੀਵਨ ।

## ਰੋਟੀ ਦਾ ਨੇਮ:

ਬਾਈਬਲ ਦੇ ਇਤਹਾਸ ਵਿੱਚ ਕਈ ਇੱਕ ਘੱਟਨਾਵਾਂ ਵਿੱਚ ਅਤੇ ਸਮਾਜਕ ਤੋਰ ਤੇ ਵੀ, ਜਦੋਂ ਵੀ ਦੋ ਧੜੇ ਆਪਸ ਵਿੱਚ ਸਹਮਤ ਹੋਏ, ਉਨ੍ਹਾਂ **ਇੱਕਸੰਗ ਹੋਕੇ ਭੋਜਨ** ਕੀਤਾ ।ਇੱਸ ਭੋਜਨ ਰਾਹੀ ਉਨ੍ਹਾਂ ਦੀ ਸਹਮਤੀ ਅਤੇ ਰਿਸ਼ਤੇ ਤੇ ਮੋਹਰ ਲਗ ਗਈ ।

- ਉਤਪਤ ਵਿੱਚ 31:54 ਯਾਕੂਬ ਅਤੇ ਲਾਬਾਨ ਸਾਨੂੰ ਨੇਮ ਦੇ ਭੋਜਨ ਦਾ ਉਦਾਹਰਣ ਦਿੰਦੇ ਹਣ ਜੋ ਕੀ ਦੋ ਵਿਰੋਧੀ ਪਾਰਟੀ ਵਿੱਚ ਸ਼ਾਂਤੀ ਲਿਆਉਂਦਾ ਹੈ ।

## ਉਦਾਹਰਣ:

- ਮੈਂ ਯਰੂਸ਼ਲਮ ਦੇ ਪੁਰਾਨੇ ਸ਼ਹਰ ਦੀ ਇੱਕ ਦੁਕਾਨ ਵਿੱਚ ਉਸ ਦੇ ਮੁਸਲਮਾਨ ਮਾਲਕ ਨੂੰ ਮਿਲ ਰਿਹਾ ਸੀ ਅਤੇ ਉਸ ਨੂੰ ਦਸ ਰਿਹਾ ਸੀ ਕੀ ਮੈਂਨੂੰ ਉਨ੍ਹਾਂ ਦੀ ਰੋਟੀ ਪਸੰਦ ਹੈ । ਉਸ ਅਪਣੇ ਬੇਟੇ ਨੂੰ ਰੋਟੀ ਮੁੱਲ ਲੈਣ ਭੇਜਿਆ ਅਤੇ ਮੈਨੂੰ ਦੇ ਦਿੱਤੀ । ਮੈਂ ਬੜਾ ਧੰਨਵਾਦੀ ਹੋਈਆ ਅਤੇ ਉਸ ਨੂੰ ਵੀ ਦੇਨੀ ਚਾਹਿਆ ਜੋ ਉਸ ਨੇ ਇਕਦਮ ਮਨਾ ਕਰ ਦਿੱਤਾ । ਮੈਨੂੰ ਬਾਦ ਵਿੱਚ ਇਸ ਦੀ ਜਾਣਕਾਰੀ ਮਿਲੀ ਕੀ ਉਹ ਕਿਸੀ ਵੀ ਰੀਤੀ ਨਾਲ ਮੇਰੇ ਨਾਲ ਜਿਸ ਨੂੰ ਉਹ ਅਸ਼ੁਦ ਮੰਨਦਾ ਹੈ ਰੋਟੀ ਤੋੜ ਕੇ ਸ਼ਾਂਤੀ ਦਾ ਨੇਮ ਨਹੀਂ ਬਣੇਗਾ ।

- ਡੇਰੇਕ ਪ੍ਰੀਂਸ ਇੱਕ ਸੱਚੀ ਘਟਨਾ ਦਸਦੇ ਹਣ ਜੋ ਕੀ 1948 ਵਿੱਚ ਉਦੋਂ ਵਾਪਰੀ ਜਦੋਂ ਇਸਰਾਏਲ ਦੇਸ ਹੋਂਦ ਵਿੱਚ ਆਈਆ ਅਤੇ ਉੱਸ ਇਲਾਕੇ ਦੇ ਮੁਸਲਮਾਨਾਂ ਤੇ ਯਹੂਦੀ ਲੋਕਾਂ ਵਿੱਚ ਜੰਗ ਛਿੜ ਗਈ।

(ਇਸ ਸੱਚੀ ਘੱਟਨਾ ਦਾ ਵੇਰਵਾ "ਔ ਜਰੂਸ਼ਲਮ" ਦੀ ਕਿਤਾਬ ਅਧੀਆਏ 29 ਵਿੱਚ ਮਿੱਲਦਾ ਹੈ)

ਯਹੂਦੀਯਾਂ ਦੇ ਕਿਬੂਟਜ਼ ਤੇ ਯਰਦਨ ਦੇ ਫੌਜੀਆਂ ਨੇ ਹਮਲਾ ਕਰਕੇ ਉਸ ਤੇ ਕਾਬੂ ਪਾ ਲਿਆ ਅਤੇ ਉਸ ਦਾ ਨਾਸ ਕਰ ਦਿੱਤਾ।ਥੋੜੇ ਜਹੇ ਹੀ ਯਹੂਦਿਆਂ ਨੂੰ ਬੰਦੀ ਬਨ੍ਹਾ ਲਿਆ ਗਿਆ । ਉਨ੍ਹਾਂ ਵਿੱਚੋਂ ਇੱਕ ਨੋਜਵਾਨ ਔਰਤ ਸੀ ਜਿਸ ਦਾ ਨਾਮ ਅਲੀਸ਼ਾ ਸੀ । ਮੁਸਲਮਾਨ ਫੌਜੀ ਉਸ ਨਾਲ ਕੁਕਰਮ ਕਰਨ ਵਾਲੇ ਸਨ । ਉਹ ਅਜੇ ਉਸ ਦੇ ਕਪੜੇ ਹੀ ਪਾੜਣ ਲਗੇ ਸਨ ਕੀ ਇੱਕ ਅਨੋਖੀ ਗੱਲ ਹੋਈ । ਇੱਕ ਅਰਬੀ ਅਫਸਰ ਆ ਗਿਆ, ਦੋ ਫੋਜੀਆਂ ਨੂੰ ਗੋਲੀ ਮਾਰ ਦਿੱਤੀ, ਫਿਰ ਉਸ ਨੇ ਅਪਣੀ ਜੇਬ ਵਿੱਚੋਂ ਰੋਟੀ ਦਾ ਟੁਕੜਾ ਕੱਢਿਆ, ਅਤੇ ਉਸ ਯਹੂਦੀ ਔਰਤ ਨੂੰ ਦੇ ਕੇ ਕਿਹਾ ਇਸ ਨੂੰ "ਖਾ ਲੈ"। ਜਦ ਉਸ ਨੇ ਉਸ ਰੋਟੀ ਨੂੰ ਖਾ ਲਿਆ ਤਾਂ ਉਸ ਨੇ ਉਸ ਨੂੰ ਕਿਹਾ, "ਹੁਣ ਤੂੰ ਮੇਰੀ ਸੁਰਕਸ਼ਾ ਵਿੱਚ ਹੈਂ ।ਤੈਨੂੰ ਹੁਣ ਕੋਈ ਨਾ ਛੁਵੇਗਾ"।

**ਕਿਉਂ?** ਉਸ ਨੇ ਉਸ ਦੀ ਰੋਟੀ ਵਿੱਚੋਂ ਖਾਦਾ ਸੀ ਜਿਸ ਕਰਕੇ ਉਹ ਦੇ ਨਾਲ ਵਿੱਖਦੇ ਨੇਮ ਨਾਲ ਰਿਸ਼ਤੇ ਵਿੱਚ ਬੰਦ ਗਈ ਸੀ।ਅਤੇ ਲੜਾਈ ਦੇ ਜੋਸ਼ ਤੇ ਵਾਸਨਾ ਵਿੱਚ ਵੀ, ਉਨ੍ਹਾਂ ਮੁਸਲਮਾਨ ਫੌਜਿਆਂ ਨੇ ਅਪਣੇ ਅਫ਼ਸਰ ਅਤੇ ਉਸ ਜਵਾਨ ਯਹੂਦੀ ਔਰਤ ਵਿੱਚ ਰਿਸ਼ਤੇ ਦੇ ਨੇਮ ਦਾ ਆਦਰ ਕੀਤਾ ।

ਇੱਕ ਵਾਰ ਜਦੋਂ ਅਫ਼ਸਰ ਤੇ ਔਰਤ ਵਿੱਚ **ਰੋਟੀ ਤੋੜੀ ਗਈ**, ਉਨ੍ਹਾਂ ਸਬਨਾ ਨੇ ਉਸ ਪਵਿੱਤਰ ਨੇਮ ਦੇ ਚਿੰਣ ਦਾ ਮਾਨ ਕੀਤਾ:

- ਉਸ ਦਾ ਨਾ **ਨੁਕਸਾਨ** ਨਾ ਉਸ ਨੂੰ **ਬੇਪਤ** ਕਰਨਾ
- ਪਰ ਉਸ ਦੀ **ਰਕਸ਼ਾ** ਕਰਨੀ ਅਤੇ ਨਵੇਂ ਰਿਸ਼ਤੇ ਦਾ **ਆਦਰਮਾਨ** ਕਰਨਾ ।

## ਜਦੋਂ ਦੋ ਲਹੂ ਦੀ ਨੇਮ ਬਣਦੇ ਹਣ

1. ਉਹ ਇੱਕ ਹੋ ਜਾਂਦੇ ਹਣ: ਇੱਕ ਲਹੂ / ਇੱਕ ਜੀਵਨ ।
   ਯੂਹੰਨਾ 17:20 . . . ਮੇਰੇ ਉੱਤੇ ਨਿਹਚਾ ਕਰਨਗੇ (21) ਜੋ ਓਹ ਸਭ **ਇੱਕੋ ਹੋਣ** ਜਿਸ ਤਰਾਂ, ਹੇ ਪਿਤਾ, ਤੂੰ ਮੇਰੇ **ਵਿੱਚ** ਅਤੇ ਮੈਂ ਤੇਰੇ **ਵਿੱਚ** ਹਾਂ ਜੋ ਓਹ ਵੀ ਸਾਡੇ **ਵਿੱਚ** ਹੋਣ ਤਾਂ ਜੋ ਜਗਤ ਸਤ ਮੰਨੇ ਭਈ ਤੈਂ ਮੈਨੂੰ ਘੱਲਿਆ

   ਫ਼ਿਲਿੱਪੀਆਂ 1:21 ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ ਜੋ ਹੈ: ਦੋ ਇੱਕ ਹਣ
2. ਵਿਸਵਾਸਯੋਗ, ਵਫਾਦਾਰ, ਅਪਣਿਆਂ ਗਲਾਂ ਨੂੰ ਰੱਖਦੇ ਅਤੇ ਪੂਰਾ ਕਰਦੇ ਅਤੇ/ ਜਾਂ ਸੁੱਖਣਾ
   ਇਬਰਾਨੀਆਂ 13:5 ਨਾ ਮੈਂ ਤੈਨੂੰ ਛੱਡਾਂਗਾ ਨਾਂ ਤਿਆਗਾਂਗਾ ।
3. ਉਹ ਦੁੱਜਿਆਂ ਲਈ ਜੀਉਂਦੇ ਹਣ ਅਤੇ ਦੁੱਜਿਆਂ ਲਈ ਮਰਦੇ ਹਣ । ਯਸਾਯਾਹ 53
   ਰੋਮੀਆਂ 5:8 . . . ਮਸੀਹ ਸਾਡੇ ਲਈ ਮੋਈਆ ।
4. ਇੱਕ ਦੀ ਲੋੜ ਦੋਵਾਂ ਦੀ ਲੋੜ ਹਣ ।
   ਰੋਮੀਆਂ 8:32 ਜਿਹ ਨੇ ਆਪਣੇ ਹੀ ਪੁੱਤ੍ਰ ਦਾ ਭੀ ਸਰਫ਼ਾ ਨਾ ਕੀਤਾ ਸਗੋਂ ਉਹ ਨੂੰ **ਅਸਾਂ ਸਭਨਾਂ** ਦੇ ਲਈ ਦੇ ਦਿੱਤਾ ਸੋ ਉਹ ਦੇ ਨਾਲ **ਸਾਰੀਆਂ ਵਸਤਾਂ** ਵੀ ਸਾਨੂੰ ਕਿੱਕੁਰ ਨਾ **ਬਖ਼ਸ਼ੇਗਾ** ?

5. ਜਿਹੜੀ ਇੱਕ ਦੀ ਹੈ ਉਹ ਦੂੱਜੇ ਦੀ ਵੀ ਹੈ
   ਰੋਮੀਆਂ 8:17 ਅਤੇ ਜੇ ਬਾਲਕ ਹਾਂ ਤਾਂ **ਅਧਕਾਰੀ** ਵੀ ਹਾਂ, ਪਰਮੇਸ਼ੁਰ ਦੇ ਅਧਕਾਰੀ ਅਤੇ ਮਸੀਹ ਦੇ ਨਾਲ ਸਾਂਝੇ ਅਧਕਾਰੀ
   - ਉਹ ਪਾਪ ਬਣ ਗਿਆ, ਅਸੀਂ ਧਰਮੀ ਬਣ ਗਏ (ਰੋਮੀਆਂ 3:22; 2 ਕੁਰਿੰ 5:21)

6. ਇਕ ਦਾ ਦੁਸ਼ਮਣ ਦੋਵਾਂ ਦਾ ਦੁਸ਼ਮਣ ਹੈ

## ਸ਼ਾਦੀ ਲਹੂ ਦਾ ਨੇਮ ਹੈ ਮਲਾਕੀ 2:13-17

ਫੇਰ ਤੁਸੀਂ ਇਹ ਵੀ ਕਰਦੇ ਹੋ ਕਿ ਤੁਸਾਂ ਯਹੋਵਾਹ ਦੀ ਜਗਵੇਦੀ ਨੂੰ ਅੰਝੂਆਂ ਨਾਲ ਅਤੇ ਹੂੰਗਿਆਂ ਨਾਲ ਢੱਕ ਦਿੱਤਾ ਕਿਉਂ ਜੋ **ਉਹ ਫੇਰ ਤੁਹਾਡੀ ਭੇਟ ਨੂੰ ਨਹੀਂ ਵੇਖਦਾ ਅਤੇ ਨਾ ਤੁਹਾਡੇ ਹੱਥੋਂ ਖੁਸ਼ ਹੋ ਕੇ ਲੈਂਦਾ ਹੈ** । (14) ਤੁਸੀਂ ਆਖਦੇ ਹੋ, ਕੀ **ਸਬੱਬ ਹੈ** ? ਸਬੱਬ ਇਹ ਹੈ ਕਿ **ਯਹੋਵਾਹ** ਤੇਰੇ ਵਿੱਚ ਅਤੇ ਤੇਰੀ ਜੁਆਨੀ ਦੀ ਤੀਵੀਂ ਵਿੱਚ **ਗਵਾਹ ਹੈ** ਕਿਉਂ ਜੋ ਤੈਂ ਉਸ ਦੇ ਨਾਲ **ਬੇਪਰਤੀਤੀ ਕੀਤੀ**, ਭਾਵੇਂ ਉਹ ਤੇਰੀ ਸਾਥਣ ਅਤੇ **ਤੇਰੇ ਨੇਮ ਦੀ ਤੀਵੀਂ ਹੈ** । (15) ਕੀ ਉਸ ਨੇ ਇੱਕ ਨੂੰ ਹੀ ਨਹੀਂ ਰਚਿਆ ? ਕੀ ਉਸ ਲਈ ਰੂਹ ਬਾਕੀ ਨਹੀਂ ? ਫੇਰ ਇੱਕ ਨੂੰ ਹੀ ਕਿਉਂ ? ਉਹ ਪਰਮੇਸ਼ੁਰ ਦੀ ਨਸਲ ਚਾਹੁੰਦਾ ਸੀ ਸੋ ਤੁਸੀਂ ਆਪਣਿਆਂ ਆਤਮਿਆਂ ਵਿੱਚ ਖਬਰਦਾਰ ਰਹੋ ਅਤੇ ਤੂੰ **ਆਪਣੀ ਜੁਆਨੀ ਦੀ ਤੀਵੀਂ ਦੀ ਬੇਪਰਤੀਤੀ ਨਾ ਕਰ** । (16) ਕਿਉਂ ਜੋ ਯਹੋਵਾਹ ਇਸਰਾਏਲ ਦਾ ਪਰਮੇਸ਼ੁਰ ਆਖਦਾ ਹੈ, ਮੈਨੂੰ ਤਿਆਗ ਪੱਤ੍ਰ ਤੋਂ ਘਿਣ ਆਉਂਦੀ ਹੈ ਅਤੇ ਉਸ ਤੋਂ ਜੋ ਆਪਣਾ ਬਸਤਰ ਜ਼ੁਲਮ ਨਾਲ ਢੱਕ ਲੈਂਦਾ ਹੈ, ਸੈਨਾਂ ਦਾ ਯਹੋਵਾਹ ਆਖਦਾ ਹੈ । ਤੁਸੀਂ ਆਪਣਿਆਂ ਆਤਮਿਆਂ ਵਿੱਚ ਖਬਰਦਾਰੀ ਕਰੋ ਅਤੇ **ਬੇਪਰਤੀਤੀ ਨਾ ਕਰੋ** । (17) ਤੁਸਾਂ ਆਪਣੀਆਂ ਗੱਲਾਂ ਨਾਲ ਯਹੋਵਾਹ ਨੂੰ ਅਕਾ ਦਿੱਤਾ ਤਾਂ ਵੀ ਤੁਸੀਂ ਆਖਦੇ ਹੋ, ਕਾਹਦੇ ਵਿੱਚ ਅਸਾਂ ਉਹ ਨੂੰ ਅਕਾ ਦਿੱਤਾ ? ਏਸ ਆਖਣ ਵਿੱਚ ਕਿ ਜਦ ਹਰੇਕ ਬੁਰਿਆਈ ਕਰਦਾ ਹੈ ਤਾਂ ਯਹੋਵਾਹ ਦੀ ਨਿਗਾਹ ਵਿੱਚ ਭਲਾ ਹੈ ਅਤੇ ਉਹ ਓਹਨਾਂ ਤੋਂ ਖੁਸ਼ ਹੈ, ਯਾ ਏਹ ਭਈ ਇਨਸਾਫ਼ ਦਾ ਪਰਮੇਸ਼ੁਰ ਕਿੱਥੇ ਹੈ ?

- ਪਰਮੇਸ਼ੁਰ ਨੇ ਔਰਤ ਦੀ ਰੱਚਨਾ ਇਸ ਰੀਤੀ ਨਾਲ ਕੀਤੀ ਹੈ ਕਿ ਸ਼ਾਦੀ **ਦੀ** ਪਹਿਲੀ ਕ੍ਰਿਆ ਵਿੱਚ ਪਰਦਾ ਫਟ ਕੇ (ਹੀਮਣ ਮੈਮਰੇਨ) ਖੂਨ ਦਾ ਵਗਨਾ, ਇਸ ਰੀਤੀ ਨਾਲ ਨੇਮ ਨੂੰ ਪੂਰਣ ਕਰਦਾ ਹੈ ।

**ਬਿਵਸਥਾ ਸਾਰ 22:13-21** ਅੱਜ ਦੇ ਦਿਨ ਤੱਕ ਪੂਰਬ ਵਿੱਚ ਲਹੂ ਦੇ ਦਾਗ ਦਾ ਪ੍ਰਦਰਸ਼ਣ ਸ਼ਾਦੀ ਦੇ ਨੇਮ ਦੀ ਪੂਰਣਤਾ ਅਤੇ ਸ਼ੁੱਧੀ ਦਾ ਸਬੂਤ ਮਣਿਆ ਜਾਂਦਾ ਹੈ ।

ਉਤਪਤ 2:24 ਸੋ ਮਰਦ ਆਪਣੇ ਮਾਪੇ ਛੱਡਕੇ ਆਪਣੀ ਤੀਵੀਂ ਨਾਲ ਮਿਲਿਆ ਰਹੇਗਾ ਅਤੇ ਉਹ **ਇੱਕ ਸਰੀਰ** ਹੋਣਗੇ ।

**ਇੱਕ ਸਰੀਰ** ਨੇਮ ਦੀ ਭਾਸ਼ਾ ਹੈ ਜਿਸ ਵਿੱਚ "ਦੋ ਇੱਕ ਹੋ ਜਾਂਦੇ ਹਣ" ।

ਮੱਤੀ 19:5-6 ਅਤੇ ਕਿਹਾ ਜੋ ਇਸ ਲਈ ਮਰਦ ਆਪਣੇ ਮਾਪੇ ਛੱਡ ਕੇ ਆਪਣੀ ਤੀਵੀਂ ਨਾਲ ਮਿਲਿਆ ਰਹੇਗਾ ਅਤੇ ਉਹ ਦੋਵੇਂ **ਇਕ ਸਰੀਰ** ਹੋਣਗੇ । (6) ਸੋ ਹੁਣ ਉਹ ਦੋ ਨਹੀਂ ਬਲਕਣ ਇੱਕੋ ਸਰੀਰ ਹਨ । ਸੋ ਜੋ ਕੁਝ ਪਰਮੇਸ਼ੁਰ ਨੇ ਜੋੜ ਦਿੱਤਾ ਹੈ ਉਹ ਨੂੰ ਮਨੁੱਖ ਅੱਡ ਨਾ ਕਰੇ ।

- ਮੱਤੀ 5:32 ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਜਿਹੜਾ ਆਪਣੀ ਤੀਵੀਂ ਨੂੰ ਹਰਾਮਕਾਰੀ ਤੋਂ ਛੁੱਟ **ਕਿਸੇ ਹੋਰ** ਸਬੱਬ ਨਾਲ **ਤਿਆਗੇ** ਉਹ ਉਸ ਕੋਲੋਂ ਜ਼ਨਾਹ ਕਰਾਉਂਦਾ ਹੈ ਅਤੇ ਜੋ ਕੋਈ ਉਸ ਤਿਆਗੀ ਹੋਈ ਨਾਲ ਵਿਆਹ ਕਰੇ ਸੋ ਜ਼ਨਾਹ ਕਰਦਾ

- ਇਹ ਸ਼ਾਦੀ ਦੇ ਨੇਮ ਦੇ ਲੰਮੀ ਉਮਰ ਨੂੰ ਦਸਦਾ ਹੈ ।
- ਪੁਰਾਨੇ ਨੇਮ ਵਿੱਚ ਵਭਿਚਾਰ ਸ਼ਬਦ ਦਾ ਅਰਥ ਹੈ "ਧਰਮ ਤਿਆਗ" – ਪ੍ਰਤਿਗਿਆ ਤੋੜਨੀ
- ਲੇਵੀਆਂ 20:10-21 ਵਭਿਚਾਰ ਵਿੱਚ ਓਹ **ਲਹੂ ਦਾ ਦੋਸ਼ੀ** ਹੁੰਦਾ ਹੈ ਅਤੇ:
  " ਉਹ ਜ਼ਰੂਰ ਵੱਢੇ ਜਾਣ, ਉਨ੍ਹਾਂ ਦੇ ਲਹੂ ਦਾ ਦੋਸ਼ ਉਨ੍ਹਾਂ ਉਤੇ ਹੈ" ।

- **ਤਾਂ ਕੀ ਜੇ ਨੇਮ ਤੋੜਿਆ ਜਾਵੇ?** ਉਦਾਹਰਨ: ਦਾਊਦ ਅਤੇ ਬਥਸ਼ਬਾ

2 ਸਮੂਏਲ 12:13-15 ਤਦ ਦਾਊਦ ਨੇ ਨਾਥਾਨ ਨੂੰ ਆਖਿਆ, ਮੈਂ ਯਹੋਵਾਹ ਦਾ **ਪਾਪ ਕੀਤਾ** ਅਤੇ ਨਾਥਾਨ ਨੇ ਦਾਊਦ ਨੂੰ ਆਖਿਆ, ਯਹੋਵਾਹ ਨੇ ਵੀ ਤੇਰਾ ਪਾਪ ਬਖ਼ਸ਼ਿਆ ਸੋ ਤੂੰ ਨਾ ਮਰੇਂਗਾ । ਪਰ ਇਸ ਕਰਕੇ ਜੋ ਤੇਰੇ ਇਸ ਕੰਮ ਕਰਨ ਤੋਂ ਯਹੋਵਾਹ ਦੇ ਵੈਰੀਆਂ ਲਈ ਨਿੰਦਿਆ ਕਰਨ ਦਾ ਵੱਡਾ ਵੇਲਾ ਲੱਭਾ ਸੋ ਏਹ ਮੁੰਡਾ ਵੀ ਜੋ ਤੇਰੇ ਲਈ ਜੰਮੇਗਾ ਜ਼ਰੂਰ ਮਰ ਜਾਵੇਗਾ, ਤਾਂ ਨਾਥਾਨ ਆਪਣੇ ਘਰ ਚਲਾ ਗਿਆ ।

1 ਯੂਹੰਨਾ 1:9 ਜੇ ਅਸੀਂ ਆਪਣਿਆਂ ਪਾਪਾਂ ਦਾ **ਇਕਰਾਰ ਕਰੀਏ** ਤਾਂ **ਉਹ ਵਫ਼ਾਦਾਰ** ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ **ਮਾਫ਼ ਕਰੇ** ਅਤੇ **ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ** ।

**ਲਹੂ ਦੇ ਨੇਮ ਕਰਕੇ,** ਜੋ ਘੋਸ਼ਨਾ ਕਰਦਾ ਹੈ "ਮੈਂ ਤੇਰੇ ਲਈ ਜੀਵਾਂਗਾ ਅਤੇ ਤੇਰੇ ਲਈ ਮਰਾਂਗਾ"
(ਇਹੋ ਸ਼ਾਦੀ ਦਾ ਵੀ ਨੇਮ ਹੈ)

## ➢ ਯਿਸੂ ਸਾਡੇ ਲਈ ਮੋਇਆ! ਉਸ ਨੇ ਸਾਡੀ ਜਗਹ ਲੈ ਲਈ!

❖ ਪਰ ਪਰਮੇਸ਼ੁਰ ਅਪਣੇ ਪ੍ਰੇਮ ਨੂੰ ਸਾਡੇ ਲਈ ਇਸ ਤਰਾਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ **ਮਸੀਹ ਸਾਡੇ ਲਈ ਮੋਇਆ** ।

- **ਕਿਉਂ?** ਯਿਸੂ ਪਾਪੀਆਂ ਲਈ ਮਰਣ ਲਈ ਕਿਉਂ ਇਛੁੱਕ ਸੀ?
- ਅਸੀਂ ਉਸ ਨਾਲ ਨੇਮ ਵਿੱਚ ਨਹੀਂ ਸਾਂ, ਕਿ ਅਸੀਂ ਸੀ? **ਹਾਂ ਅਸੀਂ ਸੀ!** ਅਬਰਾਹਾਮ ਤੇ **ਉਸ ਦੇ ਬੱਚਿਆਂ** ਨਾਲ ਨੇਮ ਕਰਕੇ ।
  (ਰੋਮੀਆਂ 4:9-18)
- ਗਲਾਤੀਆਂ 4:28 ਪਰ ਹੇ ਭਰਾਵੋ, ਅਸੀਂ ਇਸਹਾਕ ਵਾਂਙੁ **ਬਚਨ ਦੀ ਸੰਤਾਨ ਹਾਂ** ।
- ਕੂਚ ਵਿੱਚ, ਪਸਹ ਦੇ ਮੇਮਣੇ ਦਾ ਲਹੂ ਅਬਰਾਹਾਮ ਨਾਲ ਨੇਮ ਕਰਕੇ ਸੀ । ਉਸੇ ਤਰਾਂ ਜੀਵੇਂ ਪਰਮੇਸ਼ੁਰ ਦੇ ਮੇਮਣੇ ਦਾ ਲਹੂ ਅਬਰਾਹਾਮ ਨਾਲ ਨੇਮ ਕਰਕੇ ਹੈ । ਕੂਚ 2:24

ਰੋਮੀਆਂ 5:8-10 ਸੋ ਜਦੋਂ ਅਸੀਂ ਹੁਣ **ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ** ਤਾਂ ਇਸ ਨਾਲੋਂ ਬਹੁਤ ਵਧ ਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ ।ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ੁਰ

ਨਾਲ ਉਹ ਦੇ ਪੁੱਤ੍ਰ ਦੀ ਮੌਤ ਦੇ ਵਸੀਲੇ ਮਿਲਾਏ ਗਏ ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵਧ ਕੇ **ਉਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ** ।

- ਲਹੂ ਦੇ ਨੇਮ ਵਿੱਚ - **ਦੋ ਇੱਕ ਹਣ** - ਤੁਸੀਂ ਦੂੱਜੇ ਲਈ **ਜੀਉਂਦੇ** ਹੋ ਅਤੇ ਦੂੱਜੇ ਲਈ **ਮਰਦੇ** ਹੋ!

❖ ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ । 2 ਕੁਰਿੰਥੀਆਂ 5:21

❖ ਰੋਮੀਆਂ 4:7 ਧੰਨ ਉਹ ਜਿਨ੍ਹਾਂ ਦੇ ਅਪਰਾਧ **ਖ਼ਿਮਾ ਹੋ ਗਏ, ਅਤੇ ਜਿਨ੍ਹਾਂ ਦੇ ਪਾਪ ਢੱਕੇ ਹੋਏ ਹਨ** ।

❖ ਕੁਲੁੱਸੀਆਂ 2:13 ਅਤੇ ਉਸ ਨੇ ਤੁਹਾਨੂੰ ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ ਦੀ ਅਸੁੰਨਤ (ਮੂਸਾ ਵਾਂਗ) ਦੇ ਕਾਰਨ ਮੋਏ ਹੋਏ ਸਾਓ ਉਹ ਦੇ ਨਾਲ ਜਿਵਾਲਿਆ ਕਿਉਂ ਜੋ ਉਸ ਨੇ **ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ** ।

ਹਾਲੇਲੂਯਾਹ! ਪਰਮੇਸ਼ੁਰ ਦੀ ਵੱਡਿਆਈ ਹੋਵੇ! ਯਿਸੂ ਤੇਰਾ ਧੰਨਵਾਦ!

- ਪਹਿਲੇ ਪਤੀ ਅਤੇ ਪਤਨੀ ਦੀ ਜਾਤੀ-ਵਿਗਿਆਨ

ਉਤਪਤ 2:21 ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਤੇ ਗੂਹੜੀ ਨੀਂਦ ਭੇਜੀ ਸੋ ਉਹ ਸੌਂ ਗਿਆ ਅਤੇ ਉਸ ਨੇ ਉਹ ਦੀਆਂ **ਪਸਲੀਆਂ ਵਿੱਚੋਂ ਇੱਕ ਕੱਢ ਲਈ** ਅਤੇ ਉਹ ਦੀ ਥਾਂ ਮਾਸ ਭਰ ਦਿੱਤਾ ।

ਹਵਾ ਆਦਮ ਦੇ "ਅੰਦਰ" ਹੀ ਸੀ ਅਤੇ ਉਸ ਵਿਚੋਂ ਹੀ ਆਈ । ਇਵੇਂ ਕਰਨ ਵਿੱਚ, ਆਦਮ ਬਲੀਦਾਨ ਬਣਿਆ ਤਾਂ ਜੋ ਅਪਣੀ ਪਤਨੀ ਨੂੰ ਹਾਸਲ ਕਰੇ ਅਤੇ ਉਸ ਨੂੰ ਜੀਵਨ ਦੇਵੇ ਅਪਨੇ ਲਹੂ ਬਹਾਏ ਜਾਨ ਰਾਹੀ ਜੋ ਕੀ ਉਸ ਦੀ ਪਸਲੀ ਦੇ ਕੱਢੇ ਜਾਨ ਤੇ ਵੱਗੀਆ । ਲਹੂ ਦਾ ਨੇਮ ।ਉਹ ਇੱਕ ਸਣ: ਆਦਮੀ ਨੇ ਆਖਿਆ ਕਿ ਇਹ ਹੁਣ ਮੇਰੀਆਂ ਹੱਡੀਆਂ ਵਿੱਚੋਂ ਹੱਡੀ ਹੈ ਅਰ ਮੇਰੇ ਮਾਸ ਵਿੱਚੋਂ ਮਾਸ ਹੈ ਸੋ ਇਹ ਇਸ ਕਾਰਨ ਨਾਰੀ ਅਖਵਾਏਗੀ ਜੋ ਇਹ ਨਰ ਵਿੱਚੋਂ ਕੱਢੀ ਗਈ ਹੈ । ਉਤਪਤ 2:23

ਇਸੇ ਰੀਤ ਨਾਲ, ਯਿਸੂ ਦੀ ਲਾੜੀ ਉਸ ਵਿੱਚੋਂ ਨਿਕਲੀ:

> 1 ਯੂਹੰਨਾ 4:6 **ਅਸੀਂ ਪਰਮੇਸ਼ੁਰ ਤੋਂ ਹਾਂ** । ਜਿਹੜਾ ਪਰਮੇਸ਼ੁਰ ਨੂੰ ਜਾਣਦਾ ਹੈ ਉਹ ਸਾਡੀ ਸੁਣਦਾ ਹੈ । ਜੋ ਕੋਈ **ਪਰਮੇਸ਼ੁਰ ਤੋਂ ਨਹੀਂ**, ਉਹ ਸਾਡੀ ਨਹੀਂ ਸੁਣਦਾ । ਇਸ ਤੋਂ ਅਸੀਂ ਸਚਿਆਈ ਦੇ ਆਤਮਾ ਅਤੇ ਬਦਰਾਹੀ ਦੇ ਆਤਮਾ ਨੂੰ ਜਾਣ ਲੈਂਦੇ ਹਾਂ ।
>
> ਅਫ਼ਸੀਆਂ 1:4 ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ
>
> ਯਿਰਮਿਯਾਹ 1:5 ਏਹ ਤੋਂ ਪਹਿਲਾਂ ਕਿ ਮੈਂ ਤੈਨੂੰ ਢਿੱਡ ਵਿੱਚ ਸਾਜਿਆ ਮੈਂ ਤੈਨੂੰ ਜਾਣਦਾ ਸਾਂ

ਯੂਹੰਨਾ 3:3 ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ **ਨਵੇਂ ਸਿਰਿਓਂ ਨਾ ਜੰਮੇ** (ਯੂਨਾਨੀ ਅਨੁੰਵਾਦ ਵਿੱਚ) ਪਰਮੇਸ਼ੁਰ ਦੇ ਰਾਜ ਨੂੰ ਵੇਖ ਨਹੀਂ ਸੱਕਦਾ ।

ਗਲਾਤੀਆਂ 4:26 ਪਰ ਯਰੂਸ਼ਲਮ ਜੋ **ਉਤਾਹਾਂ** ਹੈ ਉਹ ਅਜ਼ਾਦ ਹੈ, ਉਹ **ਸਾਡੀ ਮਾਤਾ** ਹੈ । (28) **ਪਰ ਹੇ ਭਰਾਵੋ, ਅਸੀਂ ਇਸਹਾਕ ਸਾਂਝ ਬਚਨ ਦੀ ਸੰਤਾਨ ਹਾਂ** ।ਇਸਹਾਕ ਦਾ ਕੁਦਰਤੀ ਜਨਮ ਪ੍ਰਭੂ ਦੇ ਬਚਨ ਅਨੁੰਸਾਰ ਸੀ ।

ਪਰ ਬਾਦ ਵਿੱਚ, ਆਦਮ ਦੀ ਪਤਨੀ ਨੇ ਪਾਪ ਕੀਤਾ ਅਤੇ ਆਦਮ ਨੇ **ਚੁਣਿਆ ਕੀ ਉਸ ਨੂੰ ਨਹੀਂ ਛੱਡੇਗਾ** – ਉਹ ਇੱਕ ਸਨ – ਅਤੇ ਉਸ ਨਾਲ ਮਰੇਗਾ: "ਉਸ ਨੇ ਉਹ ਦੇ ਫਲ ਤੋਂ ਲਿਆ ਤੇ ਆਪ ਖਾਧਾ ਨਾਲੇ ਆਪਣੇ ਪਤੀ ਨੂੰ ਵੀ ਦਿੱਤਾ ਅਤੇ ਉਸ ਨੇ ਖਾਧਾ" । (ਉਤਪਤ 3:6)

ਉਸੇ ਤਰਾਂ ਜੀਵੇਂ ਯਿਸੂ ਨੇ ਅਪਣੀ ਲਾੜੀ ਨੂੰ ਕਿਹਾ:

**ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ** । ਇਬਰਾਨੀਆਂ 13:5

ਜਿਵੇਂ ਮਨੁੱਖ ਦਾ ਪੁੱਤ੍ਰ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਥਾਂ **ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ** । ਮੱਤੀ 20:28

ਰੋਜ਼ਾਨਾ ਆਦਮ ਤੇ ਹਵਾ ਨੇ ਅਪਣੇ ਅਣਆਗਿਆਕਾਰੀ ਦੇ ਕਾਰਣ ਨਤੀਜਾ ਭੁੱਗਤਿਆ ਅਤੇ ਬਾਦ ਵਿੱਚ ਪਾਪ ਦੀ ਮਜ਼ਦੂਰੀ **ਸ਼ਰੀਰਕ ਮੌਤ** (ਰੋਮੀਆਂ 6:23) ।ਜ਼ਮੀਨ ਤੇਰੇ ਕਾਰਨ ਸਰਾਪਤ ਹੋਈ; . . . ਆਖਿਰ ਜਦੋਂ ਤੂੰ ਮਿਟੀ ਵਿੱਚ ਮਿੱਲ ਜਾਵੇਂਗਾ, ਤੂੰ ਮਿੱਟੀ ਹੈਂ ਅਤੇ ਮਿੱਟੀ ਵਿੱਚ ਤੂੰ ਮੁੜ ਜਾਵੇਗਾ" । ਉਤਪਤ 3:17–19

ਪ੍ਰਭੂ ਅਪਣੇ ਵਚਨਾ ਪ੍ਰਤੀ ਵਫਾਦਾਰ ਹੈ / ਉਸ ਦਾ ਨੇਮ ਸਾਡੇ ਕ੍ਰਿਸ਼ੀਲਤਾ ਤੋਂ ਬਗੈਰ । ਅਤੇ ਸਾਨੂੰ ਵੀ ਅਪਣੇ ਇਕਰਾਰਾਂ ਸਬੰਦ ਵਿੱਚ ਇਹੋ ਜਿਹਾ ਹੀ ਹੋਨਾ ਚਾਹਿਦਾ ਹੈ ।

ਜ਼ਬੂਰ 89:31–34 ਜੇ ਉਹ ਮੇਰੀਆਂ ਬਿਧੀਆਂ ਨੂੰ ਵਿਗਾੜ ਦੇਣ, ਅਤੇ ਮੇਰੇ ਹੁਕਮਾਂ ਦੀ ਪਾਲਨਾ ਨਾ ਕਰਨ, ਤਾਂ ਮੈਂ ਡੰਡੇ ਨਾਲ ਉਨ੍ਹਾਂ ਦੇ ਅਪਰਾਧਾਂ ਦੋ ਅਤੇ ਕੋਰੜਿਆਂ ਨਾਲ ਉਨ੍ਹਾਂ ਦੀ ਬਦੀ ਦੀ ਸਜ਼ਾ ਦਿਆਂਗਾ । ਪਰ ਮੈਂ ਆਪਣੀ ਦਯਾ ਉਸ ਤੋਂ ਹਟਾ ਨਾ ਲਵਾਂਗਾ, ਨਾ ਆਪਣੀ ਵਫ਼ਾਦਾਰੀ ਛੱਡ ਕੇ ਝੂਠਾ ਹੋਵਾਂਗਾ । **ਮੈਂ ਆਪਣੇ ਨੇਮ ਨੂੰ ਭਰਿਸ਼ਟ ਨਾ ਕਰਾਂਗਾ, ਅਤੇ ਜੋ ਮੇਰੇ ਬੁੱਲ੍ਹਾਂ ਵਿੱਚੋਂ ਨਿੱਕਲਿਆ ਉਹ ਨੂੰ ਨਾ ਬਦਲਾਂਗਾ** ।

ਫਿਰ ਵੀ, ਕਿਉਂਕਿ ਆਦਮ ਤੇ ਹਵਾ ਪ੍ਰਭੂ ਤੋਂ ਸੀ ਅਤੇ ਜੱਗ ਵਿੱਚ ਉਸ ਤੋਂ ਆਏ, ਉਸ ਨੇ ਦੂੱਜੇ ਦਾ ਜੀਵਨ ਦਿੱਤਾ – ਲਹੂ ਬਹਾਏ ਜਾਣ ਨਾਲ – ਉਨ੍ਹਾਂ ਦਾ ਢੱਕਿਆ ਜਾਨਾ ਪ੍ਰਾਪਤੀ ਕੀਤੀ ਜਾਂ ਹਰਜਾਨਾ ਹਮੇਸ਼ਾ ਦੇ ਜੀਵਨ ਲਈ । ਪ੍ਰਭੂ ਪਰਮੇਸ਼ੁਰ ਨੇ ਆਦਮ ਤੇ ਹਵਾ ਲਈ ਪੁਸ਼ਾਕ ਬਨਾ ਕੇ ਉਨ੍ਹਾਂ ਨੂੰ ਢੱਕਿਆ (ਉਤਪਤ 3:21) ।ਬਲੀਦਾਨ ਦੇ ਪਸ਼ੂ ਨੂੰ ਮਰਨਾ ਸੀ, ਲਹੂ ਵਹਾਈਆ ਗਿਆ ।

ਇਸ ਤਰਾਂ ਦਾ, ਇਹ ਪਰਛਾਵਾਂ ਹੈ, ਪ੍ਰਭੂ ਵਲ ਵੇਖਦੇ ਹੋਏ ਜੋ **ਪਰਮੇਸ਼ੁਰ ਦਾ ਮੇਮਣਾ** ਸਾਡੇ ਪਾਪਾਂ ਨੂੰ ਸ਼ਮਾਂ ਕਰਕੇ ਸਦੀਪਕ ਜੀਵਨ ਦੇਣ ਬਦਲੇ ਦਿੱਤਾ ਹੈ ।ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ । 2 ਕੁਰਿੰ 5:21

ਇਸੇ ਤਰਾਂ ਨਾਲ, ਯਿਸੂ, “ਆਖਰੀ ਆਦਮ”, ਬਲੀਦਾਨ ਸੀ ਜੀਵਨ ਦੇਨ ਲਈ ਅਪਨੀ ਡਿੱਗੀ ਹੋਈ ਲਾੜੀ ਲਈ ਲਹੂ ਬਹਾਨ ਦੇ ਰਾਹੀ । ਲਹੂ ਦਾ ਨੇਮ । ਸਬ ਇੱਕ । ਯੂਹੰਨਾ 19:34 ਪਰ ਸਿਪਾਹੀਆਂ ਵਿੱਚੋਂ ਇੱਕ ਨੇ ਬਰਛੀ ਨਾਲ ਉਹ ਦੀ ਵੱਖੀ ਵਿੰਨ੍ਹੀ ਅਤੇ ਓਵੇਂ ਹੀ **ਲਹੂ ਅਤੇ ਪਾਣੀ** ਨਿੱਕਲਿਆ ।

ਅਫ਼ਸੀਆਂ 5:25-33 ਹੇ ਪਤੀਓ, ਆਪਣੀਆਂ **ਪਤਨੀਆਂ ਨਾਲ ਪ੍ਰੇਮ ਰੱਖੋ** ਜਿਵੇਂ **ਮਸੀਹ ਨੇ ਵੀ ਕਲੀਸਿਯਾ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ** ।(26) ਭਈ ਉਸ ਨੂੰ ਜਲ ਦੇ ਅਸ਼ਨਾਨ ਤੋਂ ਬਾਣੀ ਨਾਲ ਸ਼ੁੱਧ ਕਰ ਕੇ ਪਵਿੱਤਰ ਕਰੇ, (27) ਅਤੇ ਉਹ ਉਸ ਨੂੰ ਆਪਣੇ ਲਈ ਇਹੋ ਜਿਹੀ ਪਰਤਾਪਵਾਨ ਕਲੀਸਿਯਾ ਤਿਆਰ ਕਰੇ ਜਿਹ ਦੇ ਵਿੱਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ ।(28) ਇਸੇ ਤਰਾਂ ਪਤੀਆਂ ਨੂੰ ਭੀ ਚਾਹੀਦਾ ਹੈ ਜੋ ਆਪਣੀਆਂ ਪਤਨੀਆਂ ਨਾਲ ਅਜਿਹਾ ਪ੍ਰੇਮ ਕਰਨ ਜਿਵੇਂ ਆਪਣੇ ਸਰੀਰਾਂ ਨਾਲ ਕਰਦੇ ਹਨ । **ਜਿਹੜਾ ਆਪਣੀ ਪਤਨੀ ਨਾਲ ਪ੍ਰੇਮ ਕਰਦਾ ਹੈ ਉਹ ਆਪਣੇ ਹੀ ਨਾਲ ਪ੍ਰੇਮ ਕਰਦਾ ਹੈ** ।

(ਕਿਉਂਕਿ: **ਦੋ ਇੱਕ ਹਣ** । ਹਰ ਇੱਕ ਆਦਮੀ ਅਤੇ ਔਰਤ ਸ਼ਾਦੀ ਦੀ ਪਹਿਲੀ ਨਿਜੀ ਕ੍ਰਿਆ ਦੇ ਨਾਲ ਲਹੂ ਦੇ ਨੇਮ ਵਿੱਚ ਆ ਜਾਂਦੇ ਹਣ ਜਦੋਂ ਪਰਦਾ ਟੁੱਟ ਜਾਂਦਾ ਅਤੇ ਲਹੂ ਦੇ ਵਗਣ ਰਾਹੀ, ਨੇਮ ਨੂੰ ਪੂਰਣ ਕਰਦਾ ਹੈ ।)

(29) ਕਿਉਂ ਜੋ ਕਿਸੇ ਨੇ **ਆਪਣੇ ਸਰੀਰ ਨਾਲ** ਕਦੇ ਵੈਰ ਨਹੀਂ ਕੀਤਾ ਸਗੋਂ ਉਹ ਉਸ ਨੂੰ ਪਾਲਦਾ ਪਲੋਸਦਾ ਹੈ ਜਿਵੇਂ ਮਸੀਹ ਵੀ ਕਲੀਸਿਆ ਨੂੰ (30) ਕਿਉਂ ਜੋ ਅਸੀਂ ਉਹ ਦੀ ਦੇਹੀ ਦੇ ਅੰਗ ਹਾਂ ।(31) ਇਸ ਕਰਕੇ ਮਨੁੱਖ ਆਪਣੇ ਮਾਪੇ ਛੱਡ ਕੇ ਆਪਣੀ ਪਤਣੀ ਨਾਲ ਮਿਲਿਆ ਰਹੇਗਾ ਅਤੇ ਓਹ **ਦੋਵੇਂ ਇੱਕ ਸਰੀਰ ਹੋਣਗੇ** (32) **ਇਹ ਭੇਤ ਤਾਂ ਵੱਡਾ ਹੈ** ਪਰ ਮੈਂ ਮਸੀਹ ਅਤੇ ਕਲੀਸਿਆ ਦੇ ਵਿਖੇ ਬੋਲਦਾ ਹਾਂ ।(33) ਪਰ ਤੁਸਾਂ ਵਿੱਚੋਂ ਭੀ ਹਰੇਕ ਆਪੋ ਆਪਣੀ ਪਤਨੀ ਨਾਲ ਆਪਣੇ ਹੀ ਜਿਹਾ ਪ੍ਰੇਮ ਕਰੇ ਅਰ ਪਤਨੀ ਆਪਣੇ ਪਤੀ ਦਾ ਮਾਨ ਕਰੇ ।

- ਜਦੋਂ ਅਜਮਾਇਸ਼ਾਂ ਆਉਂਦੀਆਂ ਹਣ, **ਨੇਮ ਦਾ ਮਨੁੱਖ - ਦੌੜ ਜਾਂਦਾ ਹੈ!**

ਉਤਪਤ 39:7 ਤਾਂ ਏਹਨਾਂ ਗੱਲਾਂ ਦੇ ਪਿੱਛੋਂ ਐਉਂ ਹੋਇਆ ਕਿ ਉਸ ਦੇ ਸਵਾਮੀ ਦੀ ਤੀਵੀਂ ਆਪਣੀਆਂ ਅੱਖਾਂ ਯੂਸੁਫ਼ ਨਾਲ ਲਾਉਣ ਲੱਗ ਪਈ ਓਰ ਉਸ ਉਹ ਨੂੰ ਆਖਿਆ, “ਤੂੰ ਮੇਰੇ ਨਾਲ ਲੇਟ” । (8) ਪਰ **ਉਸ ਨੇ ਨਾ ਮੰਨਿਆ** (9) ਮੈਂ ਐਡੀ **ਵੱਡੀ ਬੁਰਿਆਈ** ਅਤੇ ਪਾਪ ਪਰਮੇਸ਼ੁਰ ਦੇ ਵਿਰੁੱਧ ਕਿਵੇਂ ਕਰਾਂ ? (12) ਤਾਂ ਉਸ ਨੇ ਉਸ ਦਾ ਕੱਪੜਾ ਫੜ ਕੇ ਆਖਿਆ, ਮੇਰੇ ਨਾਲ ਲੇਟ ਤਾਂ ਉਹ ਆਪਣਾ ਕੱਪੜਾ ਉਸ ਦੇ ਹੱਥ ਵਿੱਚ ਛੱਡ ਕੇ **ਨੱਠਾ ਅਰ ਬਾਹਰ ਨਿੱਕਲਿਆ** ।

**ਇਬਰਾਨੀਆਂ** 13:4 ਵਿਆਹ ਕਰਨਾ ਸਭਨਾਂ ਵਿੱਚ ਆਦਰ ਜੋਗ ਗਿਣਿਆ ਜਾਵੇ ਅਤੇ ਵਿਛਾਉਣਾ ਬੇਦਾਗ ਰਹੇ ਕਿਉਂ ਜੋ ਪਰਮੇਸ਼ੁਰ ਹਰਾਮਕਾਰਾਂ ਅਤੇ ਵਿਭਚਾਰੀਆਂ ਦਾ ਨਿਆਉਂ ਕਰੇਗਾ ।

**ਮੱਤੀ** 5:27-28 ਤੁਸਾਂ ਸੁਣਿਆਂ ਹੈ ਜੋ ਇਹ ਕਿਹਾ ਗਿਆ ਸੀ ਭਈ ਤੂੰ ਜ਼ਨਾਹ ਨਾ ਕਰ; ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੋਈ **ਤੀਵੀਂ ਨੂੰ ਬੁਰੀ ਇੱਛਿਆ ਕਰ ਕੇ ਵੇਖਦਾ ਹੈ** ਸੋ ਤਦੋਂ ਹੀ ਆਪਣੇ ਮਨੋਂ ਉਹ ਦੇ ਨਾਲ ਜ਼ਨਾਹ ਕਰ ਚੁੱਕਿਆ ।

- **ਬੁਰੀ ਅਭਿਲਾਸ਼ਾ ਸਾਡੇ ਵਿੱਚ । ਪਰ ਇਹ ਕ੍ਰਿਆਸ਼ੀਲਤਾ ਉਤਪਣ ਨਾ ਕਰੇ ।**
- **ਕਿਸੇ ਨੂੰ ਵੀ ਨੁਕਸਾਨ, ਬਰਬਾਦ, ਅਸ਼ੁੱਧ ਨਾ ਕਰੋ ।**
- **ਬੁਰੀ ਅਭਿਲਾਸ਼ਾ ਸਾਡੇ ਵਿੱਚ, ਪਰ ਇਹ ਸਾਨੂੰ ਵਸ ਵਿੱਚ ਨਾ ਕਰੇ !**

## ❖ ਇੱਥੇ ਪ੍ਰਗਤੀ ਹੈ:

**ਯਾਕੂਬ** 1:14-16 ਪਰ ਹਰ ਕੋਈ ਤਦੇ ਪਰਤਾਇਆ ਜਾਂਦਾ ਹੈ ਜਦੋਂ **ਆਪਣੀ ਹੀ ਕਾਮਨਾ ਨਾਲ ਲੁਭਾਇਆ ਅਤੇ ਭੁਚਲਾਇਆ ਜਾਂਦਾ ਹੈ** ।ਤਦ **ਕਾਮਨਾ** ਜਾਂ ਗਰਭਣੀ ਹੋਈ ਤਾਂ ਪਾਪ ਨੂੰ ਜਣਦੀ ਹੈ, ਅਤੇ ਪਾਪ ਜਾਂ ਪੂਰੇ ਵਿੱਤ ਨੂੰ ਪੁੱਜਦਾ ਹੈ ਤਾਂ **ਮੌਤ** ਨੂੰ ਜਨਮ ਦਿੰਦਾ ਹੈ ।

1 **ਯੂਹੰਨਾ** 2:16 ਕਿਉਂਕਿ ਸੱਬੋ ਕੁਝ ਜੋ ਸੰਸਾਰ ਵਿੱਚ ਹੈ ਅਰਥਾਤ ਸਰੀਰ ਦੀ **ਕਾਮਨਾ** ਅਤੇ ਨੇਤਰਾਂ ਦੀ **ਕਾਮਨਾ** ਅਤੇ ਜੀਵਨ ਦਾ **ਅਭਮਾਨ** ਸੋ ਪਿਤਾ **ਤੋਂ ਨਹੀਂ** ਸਗੋਂ ਸੰਸਾਰ **ਤੋਂ ਹੈ** ।

1 ਪਤਰਸ 2:11 ਹੇ ਪਿਆਰਿਓ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਪਰਦੇਸੀ ਅਤੇ ਮੁਸਾਫ਼ਰ ਹੋ ਕੇ **ਸਰੀਰਕ ਕਾਮਨਾਂ ਤੋਂ ਪਰੇ ਰਹੋ ਜਿਹੜੀਆਂ ਜਾਨ ਨਾਲ ਲੜਦੀਆਂ ਹਨ** ।

ਤੁਹਾਨੂੰ ਪੂਰਨ ਤੋਰ ਤੇ ਨੱਠਨਾ ਹੈ, ਪਰੇ ਰਹਿਨਾ ਹੈ:

ਨੰਗਿਆਂ ਤਸਵੀਰਾਂ ਜਾਂ ਕਿਸੇ ਵੀ ਤਰਾਂ ਦੇ ਅਸ਼ਲੀਲਤਾ ਤੋਂ:

ਇਹ ਵਿਨਾਸ਼ੱਕ ਹੈ, ਦੁੱਸ਼ਟ ਦੁਸ਼ਮਣ ।

1ਕੁਰਿੰਥੀਆਂ 6:12-20
ਸਾਰੀਆਂ ਵਸਤਾਂ ਮੇਰੇ ਲਈ ਉਚਿਤ ਹਨ ਪਰੰਤੂ ਸੱਭੇ ਲਾਭਦਾਇਕ ਨਹੀਂ । ਸਾਰੀਆਂ ਵਸਤਾਂ ਮੇਰੇ ਲਈ ਉਚਿਤ ਹਨ ਪਰ **ਮੈਂ ਕਿਸੇ ਵਸਤ ਦੇ ਅਧੀਨ ਨਹੀਂ ਹੋਵਾਂਗਾ ।** (13) ਭੋਜਨ ਪੇਟ ਦੇ ਲਈ ਅਤੇ ਪੇਟ ਭੋਜਨਾਂ ਦੇ ਲਈ ਪਰੰਤੂ ਪਰਮੇਸ਼ੁਰ ਉਹ ਦਾ ਨਾਲੇ ਇਨ੍ਹਾਂ ਦਾ ਨਾਸ ਕਰੇਗਾ ਪਰ **ਸਰੀਰ ਹਰਾਮਕਾਰੀ ਦੇ ਲਈ ਨਹੀਂ ਸਗੋਂ ਪ੍ਰਭੂ ਦੇ ਲਈ ਹੈ** ਤੇ ਪ੍ਰਭੂ ਸਰੀਰ ਦੇ ਲਈ ।(14) ਅਤੇ ਪਰਮੇਸ਼ੁਰ ਨੇ ਨਾਲੇ ਪ੍ਰਭੂ ਨੂੰ ਜਿਵਾ ਕੇ ਉਠਾਇਆ, ਨਾਲੇ ਸਾਨੂੰ ਆਪਣੀ ਸਮਰੱਥਾ ਨਾਲ ਜਿਵਾ ਕੇ ਉਠਾਏਗਾ ।(15) ਕੀ ਤੁਸੀਂ ਇਹ ਨਹੀਂ ਜਾਣਦੇ ਭਈ **ਤੁਹਾਡੇ ਸਰੀਰ ਮਸੀਹ** (ਨੇਮ) **ਦੇ ਅੰਗ ਹਨ** ? ਸੋ ਕੀ ਮੈਂ ਮਸੀਹ ਦੇ ਅੰਗ ਲੈ ਕੇ **ਕੰਜਰੀ ਦੇ ਅੰਗ ਬਣਾਵਾਂ** ? (ਸ਼ਾਦੀ ਦੇ ਨੇਮ ਨੂੰ ਤੋੜਨਾ) ਕਦੇ ਨਹੀਂ !

(16) ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਜੋ ਕੋਈ ਕੰਜਰੀ ਨਾਲ ਸੰਗ ਕਰਦਾ ਹੈ ਸੋ ਉਹ ਦੇ ਨਾਲ **ਇੱਕ ਦੇਹੀ ਹੈ**? ਕਿਉਂ ਜੋ ਉਹ ਆਖਦਾ ਹੈ ਭਈ ਓਹ ਦੋਵੇਂ ਇੱਕ ਸਰੀਰ ਹੋਣਗੇ । (17) ਪਰ ਜੋ ਕੋਈ ਪ੍ਰਭੁ ਨਾਲ ਮਿਲਿਆ ਹੋਇਆ ਹੈ ਸੋ **ਉਹ ਦੇ ਨਾਲ ਇੱਕ ਆਤਮਾ ਹੈ** ।(18) **ਹਰਾਮਕਾਰੀ ਤੋਂ ਭੱਜੋ** । ਹਰੇਕ ਪਾਪ ਜੋ ਮਨੁੱਖ ਕਰਦਾ ਹੈ ਸੋ ਸਰੀਰ ਦੇ ਬਾਹਰ ਹੈ ਪਰ ਜਿਹੜਾ ਹਰਾਮਕਾਰੀ ਕਰਦਾ ਹੈ ਉਹ ਆਪਣੇ ਹੀ ਸਰੀਰ ਦਾ ਪਾਪ ਕਰਦਾ ਹੈ ।(19) ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ ? (20) ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ ।

## ਦਾਊਦ ਨੇ ਆਪਣਾ ਪਾਠ ਸਿੱਖਿਆ!

ਜਬੂਰ 101:3 ਮੈਂ **ਵਿਰਥੀ ਗੱਲ ਨੂੰ** ਆਪਣੀਆਂ ਅੱਖਾਂ ਦੇ ਸਾਹਮਣੇ **ਨਾ ਰੱਖਾਂਗਾ** ।

ਜਬੂਰ 101:3 ਮੈਂ ਵਿਰਥੀ ਅਤੇ ਭਦੀ ਗੱਲ ਵੱਲ **ਵੇਖਣੋਂ ਇਨਕਾਰ ਕਰਾਂਗਾ** ।ਫਿਰਤੂਆਂ ਦੀ ਕਰਤੂਤ ਤੋਂ ਮੈਨੂੰ ਘਿਣ ਹੈ, ਉਹ ਮੈਨੂੰ ਨਾ ਚੰਬੜੇਗੀ ।

ਕਹਾਉਤਾਂ 3:7 ਤੂੰ ਆਪਣੀ ਨਿਗਾਹ ਵਿੱਚ ਬੁੱਧਵਾਨ ਨਾ ਹੋ, ਪ੍ਰਭੂ ਦਾ ਭੈ ਰੱਖ ਅਤੇ **ਬੁਰਿਆਈ ਤੋਂ ਲਾਂਭੇ ਰਹੁ** ।

1 ਥੱਸਲੁਨਕੀਆਂ 5:22 **ਹਰ ਪਰਕਾਰ ਦੀ ਬਦੀ ਤੋਂ ਲਾਂਭੇ ਰਹੋ** ।

2 ਤਿਮੋਥਿਉਸ 2:22 ਪਰ **ਜੁਆਨੀ ਦੀਆਂ ਕਾਮਨਾਂ ਤੋਂ ਭੱਜ** ਅਤੇ ਜਿਹੜੇ **ਸਾਫ਼ ਦਿਲ** ਤੋਂ ਪ੍ਰਭੁ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ ਧਰਮ, ਨਿਹਚਾ, ਪ੍ਰੇਮ ਅਤੇ ਮਿਲਾਪ ਦੇ ਮਗਰ ਲੱਗਾ ਰਹੁ ।

ਜਬੂਰ 15:1-4 ਹੇ ਯਹੋਵਾਹ, ਤੇਰੇ ਡੇਹਰੇ ਵਿੱਚ ਕੌਣ ਟਿਕੇਗਾ ? ਤੇਰੇ ਪਵਿੱਤਰ ਪਹਾੜ ਉੱਤੇ ਕੌਣ ਵੱਸੇਗਾ ? ਉਹੋ ਜਿਹੜਾ **ਸਿੱਧੀ** ਚਾਲ ਚੱਲਦਾ, **ਨੇਕੀ ਕਰਦਾ**, ਅਤੇ ਮਨੋਂ **ਸੱਚ ਬੋਲਦਾ** ਹੈ, ਉਹ ਜਿਹੜਾ ਆਪਣੀ ਜੀਭ ਨਾਲ ਚੁਗਲੀ ਨਹੀਂ ਕਰਦਾ, ਨਾ ਆਪਣੇ ਸਾਥੀ ਦਾ ਬੁਰਾ ਕਰਦਾ, ਅਤੇ ਨਾ ਆਪਣੇ ਗੁਆਂਢੀ ਨੂੰ ਉਲਾਹਮਾ ਦਿੰਦਾ ਹੈ । ਜਿਹ ਦੀਆਂ ਅੱਖਾਂ ਵਿੱਚ ਖੋਟਾ ਮਨੁੱਖ ਤੁੱਛ ਹੈ, ਪਰ ਯਹੋਵਾਹ ਤੋਂ ਭੈ ਕਰਨ ਵਾਲਿਆਂ ਦਾ ਆਦਰ ਕਰਦਾ ਹੈ ।**ਜਿਹੜਾ ਸੌਂਹ ਖਾ ਕੇ ਮੁੱਕਰਦਾ ਨਹੀਂ,** ਭਾਵੇਂ ਉਹ ਨੂੰ ਘਾਟਾ ਵੀ ਪਵੇ; (ਨਿਆਈਆਂ 11:35)

**ਸਦਾਚਾਰ** – ਨੈਤਿਕ ਵਿਸ਼ਿਸ਼ਟਤਾ ਅਤੇ ਸ਼ੁਦੱਤਾ ਆਤਮਾ ਦੀ ਜਿਹੜੀ ਮੇਰੇ ਜੀਵਨ ਤੋਂ ਪ੍ਰਕਾਸ਼ਿਤ ਹੁੰਦੀ ਹੈ ਜਦੋਂ ਮੈਂ ਉਸ ਦੇ ਬਚਨਾ ਦੀ ਪਾਲਨਾ ਕਰਦਾ ਹਾਂ ।

"... ਵੱਡਾ ਜਤਨ ਕਰ ਕੇ ਆਪਣੀ ਨਿਹਚਾ ਨਾਲ **ਨੇਕੀ** (ਨੈਤਿਕ ਵਿਸ਼ਿਸ਼ਟਤਾ) ਅਤੇ ਨੇਕੀ ਨਾਲ ਗਿਆਨ" ।
2 ਪਤਰਸ 1:5

## ਨੇਮ ਦੇ ਰਿਸ਼ਤੇ ਨੂੰ ਨਿਭਾਇਆ

1 ਸਮੂਏਲ 18:1-8 ਦਾਊਦ ਅਤੇ ਯੋਨਾਥਾਨ

❖ ਯੋਨਾਥਾਨ ਦੇ ਪ੍ਰਾਨ ਦਾਊਦ ਦੇ ਪ੍ਰਾਨ ਦੇ ਨਾਲ "**ਜੁੜੇ**" ਹੋਏ ਸੀ (ਹਵਾਲਾ 1)
ਜੁੜਨਾ ਉਹੀ ਸ਼ਬਦ ਹੈ ਜਿਸ ਦਾ ਇਸਤੇਮਾਲ ਨਹਮਯਾਹ 4:6 ਵਿੱਚ ਦੀਵਾਰ ਦਾ ਇਸ ਰੀਤੀ ਨਾਲ ਬਣਾਏ ਜਾਨ ਵਿੱਚ ਹੈ ਕੀ ਉਸ ਵਿੱਚ ਕੋਈ **ਦੱਰਾ** / **ਜਗਹ** / **ਖੁਲਣਾ** ਤਾਂ ਜੋ ਦੁਸ਼ਮਣ ਉਸ ਵਿੱਚੋਂ ਨਾ ਆ ਸਕੇ ।

- ਅਫ਼ਸੀਆਂ 4:27 ਅਤੇ ਨਾ ਸ਼ਤਾਨ ਨੂੰ ਥਾਂ ਦਿਓ!
- ਨੇਮ ਵਿੱਚ ਦੋ ਇੱਕ ਹਣ ।

ਕਿਨ੍ਹਾ ਹੋਰ ਵਧੀਕ ਸਾਡਾ ਦਿਲ ਅਪਣੀ ਪਤਨੀ ਦੇ ਨਾਲ ਜੁੜੀਆ ਹੋਣਾ ਚਾਹਿਦਾ ਹੈ ਜਿਸ ਨਾਲ ਅਸੀਂ "ਵਿਸ਼ੇਸ" ਲਹੂ ਦੇ ਨੇਮ ਵਿੱਚ ਹਾਂ?

- ਤੁਸੀਂ ਅਪਣੀ ਪਤਨੀ ਦੇ ਨਾਲ ਕਿਨ੍ਹੇ ਚੰਗੇ ਢੰਗ ਨਾਲ 'ਜੁੜੇ' ਹੋ?
- ਕੀ ਤੂੰ ਕੜੀ ਵਿੱਚ ਕਮਜ਼ੋਰ - ਜੋੜ ਹੈ ?

❖ ਇਹ ਕਹਿੰਦਾ ਹੈ ਕਿ ਯੋਨਾਥਾਨ ਨੇ ਦਾਊਦ ਨਾਲ ਅਪਣੇ ਨੂੰ ਪਿਆਰ ਵਾਂਗ ਪਿਆਰ ਕੀਤਾ (ਹਵਾਲਾ 1ਤੋਂ3)

- ਉਹ ਜਿਹੜਾ ਅਪਣੀ ਪਤਨੀ ਨਾਲ ਪਿਆਰ ਕਰਦਾ ਹੈ ਉਹ ਅਪਣੇ ਨਾਲ ਪਿਆਰ ਕਰਦਾ ਹੈ
ਅਫ਼ਸੀਆਂ 5:28-29
- ਯੂਹੰਨਾ 13:34 ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇੱਕ ਦੂਏ ਨੂੰ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇੱਕ ਦੂਏ ਨੂੰ ਪਿਆਰ ਕਰੋ ।

(ਯੂਹੰਨਾ 13:34; 15:12; 15:17; ਰੋਮੀਆਂ 13:8; 1 ਥੱਸਲੁ 4:9; 1 ਪਤਰਸ 1:22;

1 ਯੂਹੰਨਾ 3:11; 3:23; 4:7; 4:11; 4:12; 2 ਯੂਹੰਨਾ 5)

- ਪ੍ਰੇਮ ਕੇਵਲ ਤਰੰਗ ਨਹੀਂ ਹੈ । ਪ੍ਰੇਮ ਪਹਿਲਾਂ ਅਤੇ ਸਬ ਤੋਂ ਪਹਿਲੇ ਪ੍ਰਤਿਗਿਆ ਹੈ ।

**ਵਫ਼ਾਦਾਰੀ –** ਦੁਰਭਾਗ ਦਾ ਇਸਤੇਮਾਲ ਕਰਨਾ ਤਾਂ ਜੋ ਮੇਰੀ ਪ੍ਰਤਿਗਿਆ ਉਨ੍ਹਾਂ ਲਈ ਜਿਨ੍ਹਾਂ ਵਿੱਚ ਪਰਮੇਸ਼ੁਰ ਨੇ ਮੈਨੂੰ ਸੇਵਾ ਲਈ ਬੁਲਾਈਆ ਹੈ ਸਾਬਤ ਹੋਵੇ । ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤ੍ਰਾਂ ਦੇ ਬਦਲੇ ਦੇ ਦੇਵੇ । ਯੂਹੰਨਾ 15:13

- ਅਪਣਾ ਮੁੱਲ ਕੱਢੋ: ਕੀ ਦੁਰਭਾਗ ਤੁਹਾਡੀ ਪ੍ਰਤਿਗਿਆ ਨੂੰ ਸਾਬਤ ਕਰਦੀ ਹੈ ਜਾਂ ਤੁਹਾਡੀ ਪ੍ਰਤਿਗਿਆ ਦੀ ਕਮਜੋਰੀ ਵਿੱਖਾਉਂਦੀ ਹੈ / ਤੁਹਾਡਾ ਨੇਮ?
- ਪ੍ਰੇਮ ਦਿੰਦਾ ਹੈ – ਕਾਮਨਾਂ ਲੈਂਦੀ ਹੈ! ਸੱਚਾ ਪਿਆਰ ਨੇਮ ਦੀ ਪ੍ਰਤਿਗਿਆ ਵੱਲ ਲੈ ਜਾਂਦੀ ਹੈ ।

❖ ਯਿਸੂ ਦੀ ਦੇਹ ਵਿੱਚ ਕਿਸੇ ਪ੍ਰਕਾਰ ਦੀ ਗ਼ਲਤਫ਼ਹਿਮੀਂ, ਈਰਖਾ, ਸ਼ੱਕ, ਆਦੀ ਦੀ ਜਗਹ ਨਹੀਂ ਹੋਣੀ ਚਾਹਿਦੀ ਤਾਂ ਜੋ ਦੁਸ਼ਮਣ ਨੂੰ ਵਿੱਚ ਆ ਕੇ ਫੁੱਟ ਪਾਉਣ ਦਾ ਮੌਕਾ ਮਿੱਲ ਜਾਵੇ ।
    - ਭਈ ਸ਼ਤਾਨ ਸਾਡੇ ਨਾਲ ਹੱਥ ਨਾ ਕਰ ਜਾਏ । 2 ਕੁਰਿੰ 2:11

❖ ਯੋਨਾਥਾਨ ਇਸਰਾਈਲਿਆਂ ਵਿੱਚੋਂ ਇੱਕ ਹੋ ਸਕਦਾ ਸੀ ਜਿਹੜਾ ਦਾਊਦ ਨਾਲ ਈਰਖਾ ਕਰਦਾ, ਕਿਉਂ ਜੋ ਉਹ ਯੋਨਾਤਾਨ ਲਈ ਅਪਣੇ ਬਾਪ ਸ਼ਾਊਲ ਦੀ ਮੌਤ ਬਾਦ ਇਸਰਾਏਲ ਦਾ ਰਾਜਾ ਹੋਣ ਲਈ ਉਸ ਲਈ ਡਰਾਵਾ ਸੀ । ਯੋਨਾਥਾਨ ਮਰਦ ਸੀ ! ਪਰਮੇਸ਼ੁਰ ਦਾ ਜਣ !
- ਕਿਹੜੇ ਹਿਸੇ ਵਿੱਚ, ਜਾਂ ਹਿਸਿਆਂ ਵਿੱਚ ਤੁਹਾਡੇ ਵਿੱਚ ਈਰਖਾ ਆ ਜਾਂਦੀ ਹੈ?
- ਯਾਕੂਬ 3:16 ਕਿਉਂਕਿ ਜਿੱਥੇ **ਈਰਖਾ** ਅਤੇ **ਧੜੇਬਾਜ਼ੀ** ਹੁੰਦੀ ਹੈ ਉੱਥੇ **ਘਮਸਾਣ** ਅਤੇ ਹਰ ਭਾਂਤ ਦਾ **ਮੰਦਾ ਕੰਮ** ਹੁੰਦਾ ਹੈ ।
- ਫ਼ਿਲਿੱਪੀਆਂ 2:3 **ਧੜੇ ਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ** ਸਗੋਂ ਤੁਸੀਂ ਅਧੀਨਗੀ ਨਾਲ ਇੱਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ ।

1 ਸਮੂਏਲ 18:4 ਤਦ ਯੋਨਾਥਾਨ ਨੇ **ਆਪਣਾ ਚੋਗਾ ਲਾਹ ਕੇ** ਆਪਣੀ **ਤਲਵਾਰ, ਧਣੁਖ** ਅਤੇ **ਪਟਕੇ** ਤੀਕੁਰ ਆਪਣੇ **ਕੱਪੜੇ** ਵੀ **ਦਾਊਦ ਨੂੰ ਦੇ ਦਿੱਤੇ** ।

❖ ਯੋਨਾਥਾਨ ਕਹ ਰਿਹਾ ਸੀ:
- "ਮੈਂ ਤੇਰਾ ਆਦਰ ਅਪਣੇ ਨਾਲੋਂ ਵੱਧ ਮਹਤਵਤਾ ਦੇ ਕੇ ਕਰਦਾ ਹਾਂ"
- "ਮੈਂ ਤੈਨੂੰ ਕਾਮਯਾਬ ਬਨਾਉਣ ਲਈ ਜੀਉਂਦਾ ਹਾਂ"
- "ਜੋ ਵੀ ਮੇਰਾ ਹੈ ਸੋ ਤੇਰਾ ਹੈ"
- "ਮੈਂ ਤੇਰੇ ਨਾਲ ਖੜਾ ਹੋਵਾਂਗਾ ਅਤੇ ਤੇਰੇ ਲਈ ਤੇਰੇ ਨਾਲ ਹੋਕੇ ਲੜਾਂਗਾ"
- ਨੇਮ ਵਿੱਚ ਤੁਸੀਂ ਇੱਕ ਦੂਏ ਲਈ ਵਿਚੋਲਾ ਬਣਦੇ ਹੋ (1 ਸਮੂਏਲ 19:1-6) ਅਤੇ
- ਇੱਕ ਦੂਏ ਨੂੰ ਉਠਾਉਣ ਵਿੱਚ ਸਹਾਇਤਾ ਕਰਦੇ ਹੋ ਜਦੋਂ ਇੱਕ ਗਿਰ ਜਾਂਦਾ ਹੈ (ਗਲਾਤੀਆਂ 6:1-2)

- ❖ ਨੇਮ ਦੇ ਪ੍ਰਤੀਕ ਦੇ ਤੋਰ ਤੇ, ਯੋਨਾਥਾਨ ਨੇ **ਅਪਣਾ ਸ਼ਾਹੀ ਚੋਗਾ ਲਾ ਕੇ** ਦਾਊਦ ਨੂੰ ਪਹਿਨਾ ਦਿੱਤਾ (ਹਵਾਲਾ 4) । ਇਹ ਯੋਨਾਥਾਨ ਦੇ **ਅਪਣੀ ਪਦਵੀ ਤੋਂ ਥੱਲੇ ਆ ਜਾਣ** ਦਾ ਪ੍ਰਤੀਕਵਾਦ ਸੀ – ਇਸਰਾਏਲ ਦਾ ਅੱਗਲਾ ਰਾਜਾ – ਅਤੇ ਦਾਊਦ ਨੂੰ ਇਹ ਪਦਵੀ ਦੇ ਦਿੱਤੀ । ਅਤੇ ਇਹ ਕੀ ਉਹ ਉਸ ਦਾ ਸੇਵਕ ਰਹੇਗਾ!

    - ਨੇਮ ਹੇਠ ਅਸੀਂ ਸਭੋ ਕੁਝ ਜੋ ਸੰਭਵ ਹੈ ਦੂਏ ਨੂੰ ਸਫ਼ਲ ਕਰਨ ਲਈ ਕਰਦੇ ਹਾਂ ।
    - ਰੋਮੀਆਂ 12:10 ਭਰੱਪਣ ਦੇ ਪ੍ਰੇਮ ਵਿੱਚ ਇੱਕ ਦੂਏ ਨਾਲ ਗੂੜਾ ਹਿਤ ਰੱਖੋ, ਆਦਰ ਵਿੱਚ ਦੂਏ ਨੂੰ ਚੰਗਾ ਸਮਝੋ ।
    - ਸਾਨੂੰ ਇਹ ਹੈ, ਕਿ ਅਪਣੇ ਲਈ ਮਰਨਾ, ਤਾਂ ਜੋ ਅਸੀਂ ਯਥਾਰਥਤਾ ਅਤੇ ਉੱਦਮੀ ਹੋ ਕੇ ਚਾਹ ਕਰੀਏ ਕੀ ਸਾਡੀ ਪਤਨੀਆਂ ਅਤੇ ਸਾਡੇ ਭਰਾ ਸਾਡੇ ਨਾਲੋਂ ਵੱਦ ਮਹਾਨ ਅਤੇ ਉੱਚੇ ਅਤੇ ਜਾਯਾਦਾ ਆਦਰ ਦੇ ਜੋਗ ਹੋਣ ।ਸਾਨੂੰ ਕੰਮ / ਸੇਵਾ ਕਰਨਾ ਹੈ ਤਾਂ ਜੋ ਉਹ ਹੋ ਜਾਵੇ ।
    - ਪਤੀਆਂ ਨੂੰ ਪਤਨੀਆਂ ਦੀ ਅਗੁਵਾਈ ਉਨ੍ਹਾਂ ਦੀ ਸੇਵਾ ਅਤੇ ਆਦਰ ਦੇ ਨਾਲ ਕਰਨੀ ਹੈ ਮਤੀ 23:11 ਤੁਹਾਡੇ ਚੋਂ ਜਿਹੜਾ ਵਡਾ ਹੈ ਉਹ ਤੁਹਾਡਾ ਸੇਵਕ ਹੋ ਜਾਵੇ ।

## ਨਿਰਭਰਯੋਗ – ਪੂਰਾ ਕਰਾਂ ਜਿਨ੍ਹਾਂ ਦਾ ਮੈਂ ਸਵੀਕਾਰ ਕੀਤਾ ਕੀ ਮੈਂ ਕਰਾਂਗਾ (ਵਾਦੇ) ਬੇਸ਼ਕ ਇਸ ਦੇ ਲਈ ਮੈਨੂੰ ਅਪਣੇ ਜੀਵਨ ਦਾ ਉਮੀਦੋਂ ਤੋਂ ਪਰੇ ਬਲੀਦਾਨ ਦੇਨਾ ਪਵੇ (ਮੇਰੀ ਪਤਨੀ ਨਹੀਂ ਜਾਂ ਦੂਏ)।

ਜਬੂਰ 15:4 ਜਿਹੜਾ ਸੌਂਹ ਖਾ ਕੇ ਮੁੱਕਰਦਾ ਨਹੀਂ, ਭਾਵੇਂ ਉਹ ਨੂੰ ਘਾਟਾ ਵੀ ਪਵੇ ।

ਗਿਣਤੀ 30:2 ਜਦ ਕੋਈ ਮਨੁੱਖ ਯਹੋਵਾਹ ਲਈ ਸੁੱਖਣਾ ਸੁੱਖੇ ਅਥਵਾ ਸੌਂਹ ਖਾਵੇ ਅਤੇ ਆਪਣੇ ਜੀਉ ਨੂੰ ਉਸ ਗੱਲ ਉੱਤੇ ਬੰਨ੍ਹ ਲਵੇ ਤਾਂ ਉਹ ਆਪਣਾ ਬਚਨ ਨਾ ਤੋੜੇ ਪਰ ਜੋ ਕੁਝ ਉਸ ਦੇ ਮੂੰਹ ਤੋਂ ਨਿੱਕਲਦਾ ਹੈ ਉਹ ਉਸ ਨੂੰ ਪੂਰਾ ਕਰੇ ।

ਬਿਵਸਥਾ ਸਾਰ 23:21 ਜਦ ਤੂੰ ਯਹੋਵਾਹ ਆਪਣੇ ਪਰਮੇਸ਼ੁਰ ਦੀ ਸੁੱਖਣਾ ਸੁੱਖੇਂ ਤਾਂ ਉਸ ਦੇ ਪੂਰਾ ਕਰਨ ਵਿੱਚ ਢਿੱਲ ਨਾ ਪੈਣ ਦੇਵੀਂ ਕਿਉਂ ਜੋ ਯਹੋਵਾਹ ਤੇਰਾ ਪਰਮੇਸ਼ੁਰ ਤੈਥੋਂ ਜ਼ਰੂਰ ਪੂਰਾ ਪੂਰਾ ਲਵੇਗਾ ਅਤੇ ਉਹ ਢਿੱਲ ਤੇਰੇ ਲਈ ਪਾਪ ਹੋਵੇਗੀ ।

- ❖ ਸਾਨੂੰ ਆਪਣਾ ਚੋਗਾ ਲੈਕੇ, ਜੇ ਜ਼ਰੂਰੀ ਹੋਵੇ, ਉੱਨ੍ਹਾਂ ਦਿਆਂ ਗੱਲਤੀਆਂ ਨੂੰ ਢੱਕਿਏ ਜਿਨ੍ਹਾਂ ਨਾਲ ਅਸੀਂ ਨੇਮ ਬੱਧ ਹਾਂ ।ਸਾਨੂੰ ਆਪਣੀਆਂ ਪਤਨੀਆਂ, ਸਾਡੇ ਭਰਾ, ਸਾਡੀਆਂ ਭੈਨਾ ਨੂੰ ਦੂਏਆਂ ਦਿਆਂ ਅੱਖਾਂ ਵਿੱਚ ਆਦਰ ਯੋਗ ਬਨਾਉਂਨਾਂ ਹੈ ।

    - ○ "ਸਾਡਾ ਚੋਗਾ" ਕੀ ਹੈ? – ਸਾਡੀ ਪਦਵੀ ( ਵਿਵਾਦ ਤੇ ਹੈ), ਸਾਡਾ ਸਨਮਾਨ, ਕੀ ਹੈ ਜਿਹੜਾ ਸਾਨੂੰ ਦੂਏਆਂ ਦਿਆਂ ਅੱਖਾਂ ਵਿੱਚ ਚੰਗਾ ਵਿੱਖਾਉਂਦਾ ਹੈ ।

- ❖ ਸਾਡੇ ਸਾਰੇ ਅਪਣੀਂ ਖ਼ੁੱਦ-ਸੁਰੱਖਿਆ ਦੇ **ਹੱਥੀਆਰ** ਦੇ ਦਿੱਤੇ ਜਾਨੇ ਚਾਹਿਦੇ ਹਣ, ਅਤੇ ਇਸਤੇਮਾਲ ਹੋਣੇ ਚਾਹਿਦੇ ਹਣ, ਉਨ੍ਹਾਂ ਦੀ ਸੁਰੱਖਿਆ ਲਈ ਜਿਨ੍ਹਾਂ ਨਾਲ ਅਸੀਂ ਨੇਮ ਵਿੱਚ ਹਾਂ ।

ਕਹਾਉਤਾਂ 10:12 ਵੈਰ ਝਗੜੇ ਛੇੜਦਾ ਹੈ, ਪਰੰਤੂ ਪ੍ਰੇਮ ਸਭਨਾਂ ਅਪਰਾਧਾਂ ਨੂੰ **ਢੱਕ** ਲੈਂਦਾ ਹੈ ।

1 ਪਤਰਸ 4:8 ਸਭ ਤੋਂ ਪਹਿਲਾਂ ਇਹ ਹੈ ਭਈ ਤੁਸੀਂ ਇੱਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ ਕਿਉਂ ਜੋ ਪ੍ਰੇਮ ਬਾਹਲਿਆਂ ਪਾਪਾਂ ਨੂੰ **ਢੱਕ** ਲੈਂਦਾ ਹੈ ।

❖ ਇਹ ਆਦਮੀਆਂ ਦਾ ਵਿਹਾਰ ਹੈ / ਭਰਾ ਨੇਮ ਵਿੱਚ ।

ਇਹੋ ਜਿਹੇ ਨੇਮ ਵਿੱਚ ਆਉਂਨਾ ਅਸੰਭਵ ਹੈ ਜਦ ਤੱਕ ਅਸੀਂ **ਲਗਾਤਾਰ ਖੁੱਦ ਲਈ ਮਰਦੇ** ਨਹੀਂ । ਸਾਰੀਆਂ ਸਮੱਸਿਆਵਾਂ ਜੋ ਕੀ ਬਹੁਤੇ ਕਰਕੇ ਹਰੇਕ ਸ਼ਾਦੀ, ਅਤੇ ਬਹੁਤੇ ਵਿਸ਼ਵਾਸੀਆਂ ਦੀਆਂ ਮੰਢਲਿਆਂ ਨੂੰ ਸੱਟ ਪਹੁੰਚਾਉਂਦੀਆਂ ਹਣ ਇਹ ਇਸ ਲਈ ਹੁੰਦੀਆਂ ਹਣ ਕਿਉਂ ਜੋ ਵਿਸ਼ਵਾਸੀ ਆਪਸ ਵਿੱਚ ਇੱਕ ਦੂਏ ਨਾਲ ਨੇਮ ਦੇ ਰਿਸ਼ਤੇ ਵਿੱਚ ਨਹੀਂ ਚੱਲਦੇ । **ਹਰੇਕ ਆਪਨੀ ਹੀ ਸੋਚਦਾ ਹੈ** । ਜਿਸ ਦਾ ਅੰਤ ਨਤੀਜਾ ਸ਼ਤਾਨ ਲਈ ਖੁੱਲਾ ਦਰਵਾਜ਼ਾ ਨਿਕੱਲਦਾ ਹੈ । ਨੇਮ ਦੀ ਕੰਦ ਵਿੱਚ ਵੱਢੀ ਦਰਾਰ ।

ਯਿਰਮਿਯਾਹ 6:13 ਓਹਨਾਂ ਵਿੱਚ ਛੋਟੇ ਤੋਂ ਲੈ ਕੇ ਵੱਡੇ ਤੀਕ ਸਾਰਿਆਂ ਦੇ **ਸਾਰੇ ਨਫ਼ੇ ਦੇ ਲੋਭੀ ਹਨ** । ਅਤੇ ਨਬੀ ਤੋਂ ਲੈ ਕੇ ਜਾਜਕ ਤੀਕ ਸਾਰਿਆਂ ਦੇ **ਸਾਰੇ ਧੋਖਾ ਕਰਦੇ ਹਨ** ।

ਹਰ ਇੱਕ "ਅਪਨਾ ਚੋਗਾ" ਰੱਖਦਾ ਹੈ ਅਤੇ ਜੇ ਲੋੜ ਪਵੇ ਤਾਂ ਦੂਏ ਦੇ "ਚੋਗੇ" ਨੂੰ ਵੀ ਲੈ ਲਿੰਦੇ ਹਣ ਅਤੇ ਅਪਣੇ ਸਾਰੇ ਹੱਥੀਆਰਾਂ ਨੂੰ ਅਪਣੀ ਪਦਵੀ ਨੂੰ ਬਨਾਏ ਰੱਖਣ ਲਈ ਜਾਂ ਤਰੱਕੀ ਲਈ ਵਰਤਦੇ ਹਣ ।

- ਉਦਾਹਰਣ: ਲੂਕਾ 10:30-37 ਨੇਕ ਸਾਮਰੀ

1 ਪਤਰਸ 5:8 ਸੁਚੇਤ ਹੋਵੋ, ਜਾਗਦੇ ਰਹੋ! ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ ਕਿਹ ਨੂੰ ਪਾੜ ਖਾਵਾਂ ! ਉਹ ਲੋਕਾਂ ਦਾ ਇਸਤੇਮਾਲ ਕਰਦਾ ਹੈ!

ਯੂਹੰਨਾ 10:10 ਚੋਰ ਆਉਂਦਾ ਹੈ ਭਈ ਚੁਰਾਵੇ, ਵੱਢੇ ਅਤੇ ਨਾਸ ਕਰੇ ।

ਅਫ਼ਸੀਆਂ 4:27 ਅਤੇ ਨਾ ਸ਼ਤਾਨ ਨੂੰ ਥਾਂ ਦਿਓ!

2 ਕੁਰਿੰਥੀਆਂ 2:11 ਭਈ ਸ਼ਤਾਨ ਸਾਡੇ ਨਾਲ ਹੱਥ ਨਾ ਕਰ ਜਾਏ

## ਜਵਾਬ ਹੈ:

ਲੂਕਾ 9:23 ਉਸ ਨੇ ਸਭਨਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ ।

ਲੂਕਾ 14:27 ਜੋ ਕੋਈ ਆਪਣੀ ਸਲੀਬ ਚੁੱਕ ਕੇ ਮੇਰੇ ਮਗਰ ਨਾ ਆਵੇ ਮੇਰਾ ਚੇਲਾ ਨਹੀਂ ਹੋ ਸੱਕਦਾ ।

## ਤੁਹਾਨੂੰ ਯਾਦ ਕਰਕੇ ਉਸ ਅਨੁਸਾਰ ਰਹਨਾ ਹੈ: ਗਲਾਤੀਆਂ 2:20

ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ (ਪੂਰਣ ਨਿਸਕ੍ਰਿਆ ਸੰਕੇਤਕ – ਭੁਤਕਾਲ ਵਿੱਚ ਹੋ ਚੁੱਕਿਆ ਹੈ (ਜਦੋਂ ਯਿਸੂ ਸੂਲੀ ਚਾੜੀਆ ਗਿਆ) ਵਰਤਮਾਨ ਵਿੱਚ ਲਗਾਤਾਰ ਹੋਣ ਵਾਲੇ ਨਤੀਜ਼ੇ ਨਾਲ (ਮੈਂ ਸੂਲੀ ਚੜੀਆ ਹੋਈਆ ਹਾਂ) ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿੱਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ **ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ** ।

- ਇੱਕ “ਮ੍ਰਤੱਕ ਆਦਮੀ” ਦੀ ਕੀ ਕਾਮਨਾ ਹੁੰਦੀ ਹੈ?”
- ਕੀ ਮ੍ਰਤੱਕ ਆਦਮੀ ਲਾਭ ਦਾ ਲਾਲਚੀ ਹੁੰਦਾ ਹੈ?
- ਕੀ ਉਹ ਆਪਣਾ ਬਚਾਵ ਕਰਦਾ ਹੈ? ਪਦਵੀ ਲਈ ਲੜਦਾ ਹੈ? ਜਾਂ ਉੱਨਤੀ ਲਈ?

❖ ਨੇਮ ਇਹ ਹੈ – ਵਿਅਕਤੀਤੋਰ ਤੇ, ਮੈਂ ਸੁਆਰਥੀ ਤਰੱਕੀਆਂ ਲਈ ਮ੍ਰਤਕ ਹਾਂ ਅਤੇ ਹੁਣ ਮੈਂ ਦੂਏਆਂ ਲਈ ਜੀਉਂਦਾ ਹਾਂ ।

ਇਬਰਾਨੀਆਂ 9:16-19 ਜਿੱਥੇ ਵਸੀਅਤ ਹੈ ਉੱਥੇ ਉਹ ਦੇ ਕਰਨ ਵਾਲੇ ਦੀ ਮੌਤ ਨੂੰ ਸਾਬਤ ਕਰਨਾ ਪੈਂਦਾ ਹੈ ।(17) ਕਿਉਂ ਜੋ ਵਸੀਅਤ ਤਾਂ ਹੀ ਪੱਕੀ ਹੁੰਦਿ ਹੈ **ਜਦੋਂ ਮੌਤ ਹੋਈ ਹੋਵੇ** ਅਤੇ ਜਿੰਨਾ ਚਿਰ ਵਸੀਅਤ ਕਰਨ ਵਾਲਾ ਜੀਉਂਦਾ ਹੈ ਉਹ ਕਿਸੇ ਕੰਮ ਦੀ ਨਹੀਂ ।(18) ਇਸ ਕਰਕੇ ਪਹਿਲਾਂ ਨੇਮ ਵੀ ਲਹੂ ਬਿਨਾ ਨਹੀਂ ਕੀਤਾ ਗਿਆ ।

ਸਾਨੂ ਨੇਮ ਨੂੰ ਸਮੱਝਣ ਦੀ ਲੋੜ ਹੈ ਅਤੇ ਪੂਰੇ ਤੋਰ ਉਤੇ ਉਸ ਦੇ ਅਨੁੰਸਾਰ ਰਹਨਾ ਚਾਹਿਦਾ ਹੈ:

❖ ਯੋਨਾਥਾਨ ਨੇ ਅਪਣੇ ਸ਼ਸਤਰ, ਅਪਣੀ ਤਲਵਾਰ, ਅਪਣਾ ਧਨੁੱਖ ਅਤੇ ਅਪਣਾ ਕਮਰ ਕੱਸ ਦਾਉਦ ਨੂੰ ਦੇ ਦਿੱਤੇ ।

- ਸਾਨੂੰ **ਹਰ ਸੰਭਵ ਹੱਥੀਆਰਾਂ** ਨੂੰ ਸਮਰਪਣ ਕਰਨਾ ਹੈ ਜਿਨ੍ਹਾਂ ਨਾਲ ਅਸੀਂ ਅਪਣੀ ਪਤਨੀ, ਅਪਣਾ ਭਰਾ, ਅਪਣੀ ਭੈਨ, ਦਾ ਕਿਸੇ ਵੀ ਤਰੀਕੇ ਨਾਲ ਨੁਕਸਾਨ ਕਰ ਸਕਦੇ ਹਾਂ ।
- ਹੱਥੀਆਰ ਜੀਸ ਨਾਲ ਸਬ ਤੋਂ ਜਿਆਦਾ ਨੁਕਸਾਨ ਹੁੰਦਾ ਹੈ ਉਹ **ਜ਼ੁਬਾਨ** ਹੈ ।
- ਸਾਨੂੰ ਇਸ ਹੱਥੀਆਰ ਨੂੰ ਇਕ ਪਾਸੇ ਰੱਖ ਦੇਨਾ ਚਾਹਿਦਾ ਹੈ ਅਤੇ ਕਦੀ ਵੀ ਨਹੀਂ:
  - ਕਿਸੇ ਲਈ ਬੁਰਾ ਬੋਲਨਾ ਜਾਂ ਕਿਸੇ ਨੂੰ
  - ਚੁੱਗਲਿਆਂ
  - ਅਪਣਾ ਬਚਾਉ ਕਰਨਾ

ਯਾਕੂਬ 3:3-10 ਜਦੋਂ ਅਸੀਂ ਘੋੜਿਆਂ ਦੀਆਂ ਲਗਾਮਾਂ ਉਨ੍ਹਾਂ ਦੇ ਮੂੰਹਾਂ ਵਿੱਚ ਦਿੰਦੇ ਹਾਂ ਭਈ ਓਹ ਸਾਡੇ ਵੱਸ ਵਿੱਚ ਰਹਿਣ ਤਾਂ ਉਨ੍ਹਾਂ ਦੇ ਸਾਰੇ ਸਰੀਰ ਨੂੰ ਵੀ ਮੋੜ ਲੈਂਦੇ ਹਾਂ ।(ਇਸ ਦਾ ਕੀ ਅਰਥ ਹੈ?) (4) ਵੇਖੋ, ਜਹਾਜ਼ ਵੀ ਭਾਵੇਂ ਕੇਡੇ ਵੱਡੇ ਹਨ ਅਤੇ ਡਾਢੀਆਂ ਅਨ੍ਹੇਰੀਆਂ ਨਾਲ ਉਡਾਏ ਜਾਂਦੇ ਹਨ ਤਾਂ ਵੀ ਛੋਟੇ ਜਿਹੇ ਪਤਵਾਰ ਨਾਲ ਜਿੱਧਰ ਮਾਂਝੀ ਦਾ ਜੀ ਕਰੇ ਮੋੜੇ ਜਾਂਦੇ ਹਨ ।(5) ਇਸੇ ਪਰਕਾਰ ਜੀਭ ਵੀ ਇੱਕ ਛੋਟਾ ਜਿਹਾ ਅੰਗ ਹੈ ਪਰ ਵੱਡੇ ਫੌੜ ਮਾਰਦੀ ਹੈ, – ਵੇਖੋ, ਕੇਡਾ ਵੱਡਾ ਬਣ ਕਿਹੀ ਨਿੱਕੀ ਜਿਹੀ ਅੱਗ ਨਾਲ ਬਲ ਉੱਠਦਾ ਹੈ ! (6) **ਜੀਭ** ਵੀ ਇੱਕ ਅੱਗ ਹੈ! ਸਾਡੀਆਂ ਅੰਗਾਂ ਵਿੱਚ ਕੁਧਰਮ ਦੀ ਦੁਨੀਆ **ਜੀਭ** ਹੈ ਜਿਹੜੀ ਸਾਰੀ ਦੇਹੀ ਨੂੰ **ਦਾਗ** ਲਾਉਂਦੀ ਅਤੇ **ਭਵਚੱਕਰ ਨੂੰ ਅੱਗ ਲਾ ਦਿੰਦੀ ਹੈ** ਅਤੇ ਆਪ ਨਰਕ ਦੀ ਅੱਗ ਤੋਂ ਬਲ ਉੱਠਦੀ ਹੈ ! (7) ਕਿਉਂਕਿ ਜੰਗਲੀ ਜਨਾਉਰਾਂ ਅਤੇ ਪੰਛੀਆਂ, ਘਿੱਸਰਨ ਵਾਲੇ ਅਤੇ ਜਲ

ਜੰਤੂਆਂ ਦੀ ਹਰੇਕ ਜ਼ਾਤ ਮਨੁੱਖ ਜ਼ਾਤ ਦੇ ਵੱਸ ਵਿੱਚ ਕੀਤੀ ਜਾਂਦੀ ਸਗੋਂ ਕੀਤੀ ਭੀ ਗਈ ਹੈ । (8) ਪਰ **ਜੀਭ** ਨੂੰ ਕੋਈ ਮਨੁੱਖ ਵੱਸ ਵਿੱਚ ਨਹੀਂ ਕਰ ਸੱਕਦਾ । ਉਹ ਇੱਕ ਚੰਚਲ ਬਲਾ ਹੈ, ਉਹ ਨਾਸ ਕਰਨ ਵਾਲੀ ਵਿੱਸ ਨਾਲ ਭਰੀ ਹੋਈ ਹੈ । (9) ਉਸੇ ਨਾਲ ਅਸੀਂ ਪ੍ਰਭੂ ਅਤੇ ਪਿਤਾ ਨੂੰ ਮੁਬਾਰਕ ਆਖਦੇ ਹਾਂ ਅਤੇ ਉਸੇ ਨਾਲ ਮਨੁੱਖਾਂ ਨੂੰ ਜਿਹੜੇ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਗਏ ਹਨ ਫਿਟਕਾਰ ਦਿੰਦੇ ਹਾਂ । (10) ਇੱਕੋ ਮੂੰਹ ਵਿੱਚੋਂ ਬਰਕਤ ਅਤੇ ਫਿਟਕਾਰ ਨਿੱਕਲਦੀ ਹੈ ! ਹੇ ਮੇਰੇ ਭਰਾਵੋ, ਏਹ ਗੱਲਾਂ ਇਉਂ ਨਹੀਂ ਹੋਣੀਆਂ ਚਾਹੀਦੀਆਂ ਹਨ!

- ਤਿਣ ਉਦਾਹਰਣ: ਘੋੜੇ ਦਾ ਮੂੰਹ, ਜਹਾਜ਼, ਜੰਗਲ ਦੀ ਅੱਗ ।
- ਕੀ ਇੱਸ ਸਮੱਸਿਆ ਲਈ ਇਨ੍ਹਾ ਧਿਆਣ ਦੇਣ ਦੀ ਲੋੜ ਹੈ ?
    - ਅਸੀਂ ਜੁਬਾਨ ਨੂੰ ਕਿਵੇਂ ਵੱਸ ਵਿੱਚ ਕਰ ਸਕਦੇ ਹਾਂ? ਕੇਵਲ ਤਾਂ ਜੇ ਅਸੀਂ ਮ੍ਰਤੱਕ ਹਾਂ! ਗਲਾਤੀਆਂ 2:20

ਯਾਕੂਬ 4:1-4 ਲੜਾਈਆਂ ਕਿੱਥੋਂ ਅਤੇ **ਝਗੜੇ ਕਿੱਥੋਂ ਤੁਹਾਡੇ ਵਿੱਚ ਆਉਂਦੇ** ਹਨ? (ਅਗੇ ਜਵਾਬ ਮਿਲਦਾ ਹੈ) ਕੀ ਐਥੋਂ ਨਹੀਂ ਅਰਥਾਤ **ਤੁਹਾਡੀਆਂ ਭੋਗ ਬਿਲਾਸਾਂ** ਤੋਂ (ਇੱਛਾਵਾਂ, ਕਾਮਨਾ, ਭੋਗ ਬਿਲਾਸ, ਖੁਦ-ਗਰਜ਼) ਜਿਹੜੇ ਤੁਹਾਡੀਆਂ ਇੰਦਰੀਆਂ ਵਿੱਚ ਜੁੱਧ ਕਰਦੇ ਹਨ? (2) ਤੁਸੀਂ **ਲੋਭ ਕਰਦੇ** ਹੋ (ਚਾਹ ਕਰਨੀ, ਲੋਭ, ਇੱਛਾ) ਅਤੇ ਪੱਲੇ ਕੁਝ ਨਹੀਂ ਪੈਂਦਾ । ਤੁਸੀਂ ਹੱਤਿਆ ਅਤੇ ਈਰਖਾ ਕਰਦੇ ਹੋ ਅਤੇ ਕੁਝ ਪਰਾਪਤ ਨਹੀਂ ਕਰ ਸੱਕਦੇ । ਤੁਸੀਂ ਝਗੜਾ ਅਤੇ ਲੜਾਈ ਕਰਦੇ ਹੋ । ਤੁਹਾਡੇ ਪੱਲੇ ਕੁਝ ਨਹੀਂ ਪੈਂਦਾ ਇਸ ਲਈ ਜੋ ਮੰਗਦੇ ਨਹੀਂ । (3) ਤੁਸੀਂ ਮੰਗਦੇ ਹੋ ਪਰ ਲੱਭਦਾ ਨਹੀਂ ਕਿਉਂ ਜੋ ਬਦਨੀਤੀ ਨਾਲ ਮੰਗਦੇ ਹੋ ਭਈ **ਆਪਣਿਆਂ ਭੋਗ ਬਿਲਾਸਾਂ** ਵਿੱਚ ਉਡਾ ਦਿਓ । (4) ਹੇ **ਵਿਭਚਾਰਣੋ**, (ਨੇਮ ਦੇ ਤੋੜਨ ਵਾਲੇ) ਕੀ ਤੁਹਾਨੂੰ ਮਲੂਮ ਨਹੀਂ ਭਈ ਸੰਸਾਰ ਦਾ ਮਿੱਤ੍ਰਚਾਰਾ ਪਰਮੇਸ਼ੁਰ ਦਾ ਵੈਰ ਹੈ ? ਫੇਰ ਜੇ ਕੋਈ ਸੰਸਾਰ ਦਾ ਮਿੱਤਰ ਹੋਇਆ ਚਾਹੁੰਦਾ ਹੈ ਸੋ ਆਪਣੇ ਆਪ ਨੂੰ ਪਰਮੇਸ਼ੁਰ ਦਾ ਵੈਰੀ ਬਣਾਉਂਦਾ ਹੈ ।

- ਅਸੀਂ ਕਾਹਦਾ ਲੋਭ, ਇੱਛਾ ਕਰਦੇ ਹਾਂ, ਐਸੀ ਚਾਹ ਦਾ ਨਤੀਜਾ ਲੜਾਈਆਂ ਤੇ ਝਗੜੇ ਹੁੰਦੇ ਹਣ?

  ਉਤਰ: ਸਹੀ ਹੋਨਾ । ਅਪਣਾ ਤਰੀਕਾ ਚੱਲਾਉਨਾ । ਬਣਨਾ ਅਤੇ ਮਹਤਵਪੂਰਣ ਦਿੱਖਨਾ ।

- ਮਸਲਾ: ਸਵੇਂ-ਕਾਬੂ ਬਨਾਮ ਸਵੇਂ-ਅਤਿਭੋਗ

  ਗਲਾਤੀਆਂ 5:22-26 ਪਰ ਆਤਮਾ ਦਾ ਫਲ ਇਹ ਹੈ ਪ੍ਰੇਮ, ਆਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, **ਸੰਜਮ** । ਇਹੋ ਜੇਹੀਆਂ ਗੱਲਾਂ ਦੇ ਵਿਰੁੱਧ ਕੋਈ ਸ਼ਰਾ ਨਹੀਂ ਹੈ । ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ **ਸਰੀਰ ਨੂੰ** ਉਹ ਦੀਆਂ **ਕਾਮਨਾਂ ਅਤੇ ਵਿਸ਼ਿਆਂ** ਸਣੇ **ਸਲੀਬ ਉੱਤੇ ਚਾੜ ਦਿੱਤਾ** । ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ ਤਾਂ **ਆਤਮਾ ਦੁਆਰਾ ਚੱਲੀਏ ਵੀ** । ਅਸੀਂ ਫੋਕਾ ਘੁਮੰਡ ਨਾ ਕਰੀਏ ਭਈ ਇੱਕ ਦੂਏ ਨੂੰ ਖਿਝਾਈਏ ਅਤੇ ਇੱਕ ਦੂਏ ਨਾਲ ਖਾਰ ਕਰੀਏ ।

ਲੂਕਾ 9:23-24 ਉਸ ਨੇ ਸਭਨਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ । ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਵੇ ਉਹ ਉਸ ਨੂੰ ਬਚਾਵੇਗਾ ।

ਯਾਕੂਬ 1:19 ਪਰ ਹਰੇਕ ਮਨੁੱਖ **ਸੁਣਨ** ਵਿੱਚ **ਕਾਹਲਾ** ਅਤੇ **ਬੋਲਣ** ਵਿੱਚ **ਧੀਰਾ** ਅਤੇ **ਕ੍ਰੋਧ** ਵਿੱਚ ਵੀ **ਧੀਰਾ ਹੋਵੇ** ।

ਯਾਕੂਬ 1:26 ਜੇ ਕੋਈ ਆਪਣੇ ਆਪ ਨੂੰ ਭਗਤੀ ਕਰਨ ਵਾਲਾ ਸਮਝੇ ਅਤੇ **ਆਪਣੀ ਜੀਭ ਨੂੰ ਲਗਾਮ ਨਾ ਚਾੜ੍ਹੇ** ਸਗੋਂ ਆਪਣੇ ਹੀ ਦਿਲ ਨੂੰ ਧੋਖਾ ਦੇਵੇ ਤਾਂ ਓਸ ਮਨੁੱਖ ਦੀ ਭਗਤੀ ਅਵਿਰਥੀ ਹੈ ।

- ❖ ਯਿਸੂ ਦਾ ਉਦਾਹਰਣ – ਉਸ ਨੇ ਆਪਣੀ ਜੀਭ ਨੂੰ ਲਗਾਮ ਚਾੜ੍ਹੀ ਸੀ

1 ਪਤਰਸ 2:21-24 ਕਿਉਂ ਜੋ ਤੁਸੀਂ ਇਸੇ ਕਾਰਨ ਸੱਦੇ ਗਏ ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ **ਦੁਖ ਝੱਲ** ਕੇ ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ ।(22) ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ ।(23) ਉਹ ਗਾਲੀਆਂ ਖਾ ਕੇ **ਗਾਲੀ ਨਾ ਦਿੰਦਾ ਸੀ** ਅਤੇ **ਦੁਖ ਪਾ** ਕੇ **ਦਬਕਾ ਨਾ ਦਿੰਦਾ ਸੀ** ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਤ ਨਿਆਉਂ ਕਰਦਾ ਹੈ ।(24) ਉਸ **ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ** ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ । ਉਸੇ ਦੇ ਮਾਰ ਖਾਣ ਤੋਂ ਤੁਸੀ ਨਰੋਏ ਕੀਤੇ ਗਏ ।

## ਇਹ ਕੁੰਜੀ ਹੈ – ਤੁਹਾਡੀ ਬਹਸ ਵਿੱਚ ਸ਼ਾਂਤੀ ਲਿਆਉਣ ਲਈ ਤੁਹਾਡੀ ਪਤਨੀ, ਜਾਂ ਜੋ ਕੋਈ ਵੀ ਦੇ ਵਿੱਚ ।

- ਵਾਪਸ ਬਹਸ ਨਾ ਕਰੋ ਅਤੇ ਨਾ ਅਪਣਾ ਪੱਖ ਰੱਖੋ ।
- ਪਹਿਲਾਂ ਖੁਦ ਨਾਲ ਗਲ ਕਰੋ । ਅਪਣੀ ਸਲੀਬ ਉਠਾਓ । ਗਲਾਤੀਆਂ 2:20 ਦਾ ਹਵਾਲਾ ਦੇਉ

ਕਹਾਉਤਾਂ 18:21 **ਮੌਤ** ਅਤੇ **ਜੀਉਣ** ਦੋਵੇਂ **ਜੀਭ ਦੇ ਵੱਸ ਵਿੱਚ ਹਨ**, ਅਤੇ ਜੋ ਉਸ ਨਾਲ ਪ੍ਰੀਤ ਰੱਖਦੇ ਹਨ ਓਹ ਉਸ ਦਾ ਫਲ ਖਾਣਗੇ ।

ਕੁਲੁੱਸੀਆਂ 4:6 ਤੁਹਾਡੀ ਗੱਲ ਬਾਤ ਸਦਾ **ਕਿਰਪਾਮਈ** ਅਤੇ ਸਲੂਣੀ ਹੋਵੇ ਤਾਂ ਜੋ **ਤੁਸੀਂ ਜਾਣੋ ਭਈ ਹਰੇਕ ਨੂੰ ਕਿਵੇਂ ਉੱਤਰ ਦੇਣਾ ਚਾਹੀਦਾ ਹੈ** ।

ਅਫ਼ਸੀਆਂ 4:29-32 **ਕੋਈ ਗੰਦੀ ਗੱਲ ਤੁਹਾਡੇ ਮੂੰਹੋਂ ਨਾ ਨਿੱਕਲੇ** ਸਗੋਂ ਜਿਵੇਂ ਲੋੜ ਪਵੇ ਉਹ ਗੱਲ ਨਿੱਕਲੇ ਜਿਹੜੀ ਹੋਰਨਾਂ ਦੀ **ਉੱਨਤੀ** ਲਈ ਚੰਗੀ ਹੋਵੇ ਭਈ ਸੁਣਨ ਵਾਲਿਆਂ ਉੱਤੇ **ਕਿਰਪਾ** ਹੋਵੇ । ਅਤੇ ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ **ਉਦਾਸ** ਨਾ ਕਰੋ, . . . ਸਭ **ਕੁੜੱਤਣ, ਕ੍ਰੋਧ, ਕੋਪ,ਰੌਲਾ**, ਅਤੇ **ਦੁਰਬਚਨ ਸਾਰੀ ਬੁਰਿਆਈ** ਸਣੇ **ਤੁਹਾਥੋਂ ਦੂਰ ਹੋਵੇ** । ਅਤੇ ਤੁਸੀਂ ਇੱਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇੱਕ ਦੂਏ ਨੂੰ ਮਾਫ਼ ਕਰੋ ਜਿਵੇਂ ਪਰਮੇਸ਼ੁਰ ਨੇ ਵੀ ਮਸੀਹ ਵਿੱਚ ਤੁਹਾਨੂੰ ਮਾਫ਼ ਕੀਤਾ ।

## ਵਫ਼ਾਦਾਰੀ – ਦੁਰਭਾਗ ਨੂੰ ਇਸਤੇਮਾਲ ਕਰਨਾ ਤਾਂ ਜੋ ਮੇਰਾ ਸਮਰਪੱਣ ਜਿਹੜਾ ਉਨ੍ਹਾਂ ਦੇ ਪ੍ਰਤੀ ਹੈ ਜਿਨ੍ਹਾ ਵਿੱਚ ਸੇਵਾ ਲਈ ਪਰਮੇਸ਼ੁਰ ਨੇ ਮੈਨੂੰ ਬੁਲਾਈਆ ਹੈ ਦੀ **ਪੁਸ਼ਟੀ** ਹੋਵੇ।

"ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤ੍ਰਾਂ ਦੇ ਬਦਲੇ ਦੇ ਦੇਵੇ" ।

ਯੂਹੰਨਾ 15:13

## ਕਿਸੇ ਹੋਰ ਨੇ ਅਪਨਾ ਸ਼ਾਹੀ ਚੋਗਾ ਸਾਡੇ ਲਈ ਲਾਹ ਦਿੱਤਾ!

ਫ਼ਿਲਿੱਪੀਆਂ 2:2-11 ਧੜੇ ਬਾਜ਼ੀਆਂ ਅਥਵਾ **ਫੋਕੇ ਘੁਮੰਡ** ਨਾਲ ਕੁਝ ਨਾ ਕਰੋ (ਅਨੁਚਿਤ ਉੱਚੀ ਸੋਚ ਕਿਸੇ ਦੀ ਅਪਣੀ ਹੀ ਯੋਗਤਾ ਜਾਂ ਲਾਯਕ (ਅਭਿਮਾਨ) । ਇੱਕ ਅੱਛੀ ਸਵੈਭਿਮਾਨ ਦੀ ਸਫਾਈ ਦੇਣੀ 1 ਕੁਰਿੰ 4:7; 15:10) ਸਗੋਂ ਤੁਸੀਂ ਅਧੀਨਗੀ ਨਾਲ **ਇੱਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ** ।(4) ਤੁਹਾਡੇ ਵਿੱਚੋਂ ਹਰੇਕ ਜਣਾ ਆਪਣੇ ਹੀ ਹਾਲ ਉੱਤੇ ਨਹੀਂ ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੇ ।(5) **ਤੁਹਾਡਾ ਉਹੋ ਸੁਭਾਵ ਹੋਵੇ** ਜੋ ਮਸੀਹ ਯਿਸੂ ਦਾ ਭੀ ਸੀ ।(6) ਕਿ ਉਸ ਨੇ ਪਰਮੇਸ਼ੁਰ ਦੇ **ਸਰੂਪ** ਵਿੱਚ ਹੋ ਕੇ ਪਰਮੇਸ਼ੁਰ ਦੇ **ਤੁੱਲ** ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ । (7) ਸਗੋਂ ਉਸ ਨੇ ਆਪਣੇ ਆਪ ਨੂੰ **ਸੱਖਣਾ** (ਅਪਣੇ ਨੂੰ ਖਾਲੀ ਕਰਨਾ) ਕਰ ਕੇ **ਦਾਸ ਦਾ ਰੂਪ** ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ ।(8) ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ **ਆਪ ਨੂੰ ਨੀਵਿਆਂ ਕੀਤਾ** ਅਤੇ **ਮੌਤ ਤਾਈਂ** ਸਗੋਂ ਸਲੀਬ ਦੀ ਮੌਤ ਤਾਈਂ **ਆਗਿਆਕਾਰ ਬਣਿਆ** ।(9) ਇਸ ਕਾਰਨ ਪਰਮੇਸ਼ੁਰ ਨੇ ਵੀ **ਉਸ ਨੂੰ ਅੱਤ ਉੱਚਿਆਂ ਕੀਤਾ** ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ ।(10) ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ ।(11) ਅਤੇ ਹਰ ਜ਼ਬਾਨ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ!

ਅਫ਼ਸੀਆਂ 5:25-33 ਹੇ ਪਤੀਓ, ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ ਜਿਵੇਂ ਮਸੀਹ ਨੇ ਵੀ ਕਲੀਸਿਯਾ ਨਾਲ ਪ੍ਰੇਮ ਕੀਤਾ ਅਤੇ ਆਪਣੇ **(1) ਆਪ ਨੂੰ ਉਸ ਦੇ ਲਈ ਦੇ ਦਿੱਤਾ** ।(26) ਭਈ **(2)** ਉਸ ਨੂੰ ਜਲ ਦੇ ਅਸ਼ਨਾਨ ਤੋਂ ਬਾਣੀ ਨਾਲ **ਸ਼ੁੱਧ** ਕਰ ਕੇ **ਪਵਿੱਤਰ ਕਰੇ** ।(27) ਅਤੇ ਉਹ ਉਸ ਨੂੰ **ਆਪਣੇ ਲਈ** ਇਹੋ ਜਿਹੀ **ਪਰਤਾਪਵਾਨ** ਕਲੀਸਿਆ **ਤਿਆਰ ਕਰੇ** ਜਿਹ ਦੇ ਵਿੱਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ ।(28) ਇਸੇ ਤਰਾਂ ਪਤੀਆਂ ਨੂੰ ਭੀ ਚਾਹੀਦਾ ਹੈ ਜੋ ਆਪਣੀਆਂ ਪਤਨੀਆਂ ਨਾਲ ਅਜਿਹਾ **ਪ੍ਰੇਮ ਕਰਨ** ਜਿਵੇਂ ਆਪਣੇ ਸਰੀਰਾਂ ਨਾਲ ਕਰਦੇ ਹਨ । ਜਿਹੜਾ ਆਪਣੀ ਪਤਨੀ ਨਾਲ ਪ੍ਰੇਮ ਕਰਦਾ ਹੈ ਉਹ ਆਪਣੇ ਹੀ ਨਾਲ ਪ੍ਰੇਮ ਕਰਦਾ ਹੈ ।(29) ਕਿਉਂ ਜੋ ਕਿਸੇ ਨੇ ਆਪਣੇ ਸਰੀਰ ਨਾਲ ਕਦੇ ਵੈਰ ਨਹੀਂ ਕੀਤਾ ਸਗੋਂ ਉਹ ਉਸ ਨੂੰ ਪਾਲਦਾ ਪਲੋਸਦਾ ਹੈ ਜਿਵੇਂ ਮਸੀਹ ਵੀ ਕਲੀਸਿਆ ਨੂੰ (30) ਕਿਉਂ ਜੋ ਅਸੀਂ ਉਹ ਦੀ ਦੇਹੀ ਦੇ ਅੰਗ ਹਾਂ ।(31) ਇਸ ਕਰਕੇ ਮਨੁੱਖ ਆਪਣੇ ਮਾਪੇ ਛੱਡ ਕੇ ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ ਓਹ ਦੋਵੇਂ ਇੱਕ ਸਰੀਰ ਹੋਣਗੇ ।(32) ਇਹ ਭੇਤ ਤਾਂ ਵੱਡਾ ਹੈ ਪਰ ਮੈਂ ਮਸੀਹ ਅਤੇ ਕਲੀਸਿਆ ਦੇ ਵਿਖੇ ਬੋਲਦਾ ਹਾਂ ।(33) ਪਰ ਤੁਸਾਂ ਵਿੱਚੋਂ ਭੀ ਹਰੇਕ ਆਪੋ **ਆਪਣੀ ਪਤਨੀ ਨਾਲ** ਆਪਣੇ ਹੀ ਜਿਹਾ **ਪ੍ਰੇਮ ਕਰੇ** ਅਰ ਪਤਨੀ ਆਪਣੇ ਪਤੀ ਦਾ **ਮਾਨ ਕਰੇ**।

(1) ਯਿਸੂ "ਕਲੀਸਿਆ ਨਾਲ ਪ੍ਰੇਮ ਕੀਤਾ ਅਤੇ **ਅਪਣੇ ਆਪ ਨੂੰ ਉਸ ਲਈ ਦੇ ਦਿੱਤਾ**" ਜਾਂ ਜਿਵੇਂ ਇਹ ਕਹਿੰਦਾ ਹੈ ਫ਼ਿਲਿੱਪੀਆਂ 2:7-8 "**ਅਪਣੇ ਨੂੰ ਖਾਲੀ ਕੀਤਾ . . . ਹਲੀਮ ਕੀਤਾ** ਮੌਤ ਤਕ ਆਗਿਆਕਾਰ ਬਣ ਕੇ, ਸਲੀਬ ਦੀ ਮੌਤ ਤਾਈਂ" ਫ਼ਿਲਿੱਪੀਆਂ 2:7-8

- ਆਗਿਆਕਾਰੀ ਸਾਨੂੰ ਕਿਵੇਂ ਹਲੀਮ ਕਰਦੀ ਹੈ?
    - ਮੈਂ ਕਹ ਰਿਹਾ ਹਾਂ: "ਮੇਰੀ ਮਰਜ਼ੀ ਨਹੀਂ ਪਰ ਤੇਰੀ ਪ੍ਰਭੂ ।
    - ਮੈਂ ਅਪਣੀ ਪਦਵੀ / ਹੱਕ / ਅਧੀਕਾਰ / ਮਹਿਮਾ ਆਗਿਆਪਾਲਣ ਲਈ ਦਿੰਦਾ ਹਾਂ
    - ਇਹ ਨਿਮਾਨਾਪਣ ਹੈ: ਅਪਣੇ ਵਿਅਕਤੀਗਤ ਅਧੀਕਾਰਾਂ ਅਤੇ ਚਾਹਾਂ ਨੂੰ ਪ੍ਰਭੂ ਨੂੰ ਸੌਂਪ ਦੇਣਾ । 1 ਪਤਰਸ 2:21-23

(2) "ਤਾਂ ਜੋ" ਜਾਂ, "ਖਾਲੀ ਹੋਨਾ" ਪੂਰਾ ਹੋ ਜਾਂਦਾ ਹੈ:

- "ਉਸ ਨੂੰ ਸ਼ੁੱਧ ਕਰਦਾ," ਜਿਹੜਾ ਹੈ ਉਸ ਨੂੰ ਵਿਸ਼ੇਸ ਕਰਕੇ ਅਲਗ ਕਰਨਾ ।
- "ਉਸ ਨੂੰ ਸਾਫ਼ ਕਰਦਾ," ਜਿਸ ਦਾ ਅਰਥ ਹੈ ਸਾਰੇ ਮਾਨਸਕ ਅਤੇ ਭਾਵਨਾਤਮੱਕ ਜ਼ਖਮਾਂ ਤੋਂ ਉਸ ਨੂੰ ਚੰਗਾ ਕਰਨਾ ਅਤੇ ਉਸ ਨੂੰ ਪ੍ਰਤਾਪਵਾਨ ਬਨਾਉਨਾਂ ।

ਹਰ ਇੱਕ ਵਿਅਕਤੀ ਦੇ ਕੋਲ ਭਾਵਨਾਵਾਂ ਜਾਂ ਦਿਲ ਵਿੱਚ ਈਸੀ ਜਗਹ ਹੁੰਦੀ ਹੈ ਜਿੱਥੇ ਪਿਆਰ ਭਰੀਆ ਹੁੰਦਾ ਹੈ ਜਾਂ ਦਰਦਨਾਕ ਚੋਟਾਂ ਅਤੇ ਅਪ੍ਰਵਾਨਗੀ ਉਨ੍ਹਾਂ ਦੇ ਜੀਵਨ ਭਰ ਵਿੱਚ ਹੁੰਦੀ ਹੈ ।

ਪਤੀ ਨੂੰ ਪਵਿੱਤਰ ਆਤਮਾ ਦੇ ਚੰਗਿਆਈ ਦੀ ਸ਼ਕਤੀ ਦਾ ਵਸੀਲਾ ਹੋਣਾ ਚਾਹਿਦਾ ਹੈ ਤਾਂ ਜੋ ਅਪਣੀ ਪਤਨੀ ਵਿੱਚ ਚੋਟ ਅਤੇ ਅਪ੍ਰਵਾਨਗੀ ਨੂੰ ਅਪਣੇ ਪਿਆਰ ਅਤੇ ਕਬੂਲੀਆ ਜਾਣਾ ਨਾਲ ਭਰ ਦੇਵੇ ।

ਉਹ ਇਹ ਕਰਦਾ ਹੈ ਅਪਣੇ ਕ੍ਰਿਆ, ਅਪਣੇ ਵਤੀਰੇ, ਅਪਣੇ ਸ਼ਬਦਾਂ ਅਤੇ ਅਪਣੇ ਦਿਆਪੂਰਣ ਪਰਵਾਹ ਕਰਕੇ, ਉਸੇ ਤਰਾਂ ਜਿਵੇਂ ਯਿਸੂ ਨੇ ਕੀਤਾ ।

ਇੱਕ ਪਤਨੀ ਜਿਸ ਨਾਲ ਇਹੋ ਜਿਹਾ ਪਿਆਰ ਕੀਤਾ ਜਾਵੇ ਉਹ ਕੱਦੇ ਨਾ ਛੱਡੇਗੀ ਅਤੇ ਨਾ ਕੱਦੇ ਵਿਸ਼ਵਾਸਘਾਤੀ ਹੋਵੇਗੀ ।

ਸਾਡੇ ਬੱਚਿਆਂ ਨੂੰ ਵੀ ਲੋੜ ਹੈ ਜੋ ਉਨ੍ਹਾਂ ਦੇ ਭਾਵਾਤਮਕ ਖਾਲੀਪਣ ਨੂੰ ਪਿਆਰ ਵਾਲੇ ਸ਼ਬਦਾਂ, ਕ੍ਰੀਆ, ਵਤੀਰੇ, ਅਤੇ ਉਸ ਦੇ ਪਿਤਾ ਦੇ ਪਵਿੱਤਰ ਗੱਲੇ ਮਿਲਨਾ ਨਾਲ ਭਰੀਆ ਜਾਵੇ।

ਮੈਨੂੰ ਇੱਕ ਸੱਚੀ ਕਹਾਨੀ ਦੱਸੀ ਗਈ ਸੀ:
ਇਕ ਸਤਾਈ ਹੋਈ ਔਰਤ ਨੇ ਕਿਹਾ: "ਜਦੋਂ ਮੈਂ ਇੱਕ ਛੋਟੀ ਲੜਕੀ ਸਾਂ, ਮੇਰਾ ਪਰਿਵਾਰ ਬਿਲਕੁਲ ਹੀ ਨਾਲ ਨਾ ਚੱਲਦਾ ਸੀ । ਮੇਰੇ ਦਿੱਲ ਵਿੱਚ ਬੜੀ ਚਾਹ ਸੀ, ਅਤੇ ਮੇਰੇ ਸਪਣੇ ਸਣ, ਕੀ ਕੋਈ ਮੈਨੂੰ ਪਿਆਰ ਕਰੇ ਇਥੋਂ ਤੱਕ ਕੀ ਇੱਕ ਦਿਨ ਮੈਂ ਡੱਡੂ ਨੂੰ ਚੁੱਮ ਲਿਆ ਇਸ ਆਸ਼ਾ ਦੇ ਵਿਰੋਧ ਵਿੱਚ ਕੀ ਇੱਕ ਦਿਨ ਮੈਨੂੰ ਆਸ਼ਾ ਦਾ ਰਾਜਕੁਮਾਰ ਮਿਲ ਜਾਵੇਗਾ ਜਿਹੜਾ ਮੈਨੂੰ ਥਾਮ ਲਵੇਗਾ ਅਤੇ ਮੇਰੇ ਨਾਲ ਪਿਆਰ ਕਰੇਗਾ ।